# ਕਿਤਾਬ ਬੋਲ ਪਈ

# ਕਿਤਾਬ ਬੋਲ ਪਈ

(ਕਾਵਿ ਸੰਗ੍ਰਹਿ)

**ਜਸਮੀਤ ਸਿੰਘ ਬਹਿਣੀਵਾਲ**

International Publishers
of Indian and Foreign Languages

**Representation Offices** :
• 596 Street, Madera, California-93638
• 8 Automatic Rd, Unit 2C, Brampton L6S 3N5, Canada

*Poetry/Punjabi Poetry*

ISBN : 978-93-5068-081-0
Price : 150/-

**Kitab Bol Pai**

***By***

**Jasmeet Singh Behniwal**
S/o Sh. Inderjit singh
VPO. Behniwal, Distt. Mansa
Phone : 9872626531, 01659-267031

2012
Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan Ludhiana,
98154-71219
Type Setting & Design PCIS
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
Mob: 98154-71219

*©, 2012*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਿਤ

ਚੰਨ, ਤਾਰਿਆਂ ਤੇ ਫੁੱਲਾਂ
ਦੇ ਨਾਮ
ਜਿਨ੍ਹਾਂ ਨੂੰ ਵੇਖ ਕੇ
ਦਿਮਾਗ ਨੂੰ
ਬੜਾ ਕੁਝ ਯਾਦ ਆਉਂਦਾ ਹੈ
ਅਤੇ ਦਿਲ ਨੂੰ ਸਕੂਨ
ਮਿਲਦਾ ਏ।

# ਤਤਕਰਾ


- ਧੰਨ ਗੁਰੂ ਨਾਨਕ/17
- ਕਿਤਾਬ ਬੋਲ ਪਈ/18
- ਰੱਬ/19
- ਜਿਹੜੀ ਚੀਜ਼/20
- ਲੋਕਾਂ ਨੇ/21
- ਧੀਆਂ/22
- ਬੰਦੇ/23
- ਅਸਲੀ ਸੱਚ/24
- ਕੋਈ/25
- ਯੋਗ /26
- ਗੱਲਾਂ ਵਿੱਚ/27
- ਕਲਮ ਵਾਲੇ/28
- ਤੈਥੋਂ ਜੁਦਾ ਹੋ ਕੇ/29
- ਬੇਜ਼ਮੀਨਾ ਜੱਟ/30
- ਰੰਗ/31
- ਫੁੱਲ/32
- ਕਦੋਂ ਦਾ/33
- ਦੁਨੀਆਂ/34
- ਮੋਹ ਆਵੇ/35
- ਖਬਰਾਂ /36
- ਜਿੱਤ/37
- ਰਾਜ਼/38
- ਲੋਕ/39
- ਯਾਦ ਤੇਰੀ/40
- ਇੱਕ ਚੀਜ਼/41
- ਪੱਲੇ/42
- ਆਸ/43
- ਮਣਕੇ/44
- ਪੰਜਾਬ/45
- ਬੂਹਾ/46
- ਪਰਦੇ/47
- ਚੇਹਰੇ/48
- ਦੀਦ ਤੇਰੀ/49
- ਵਾਅਦੇ/50
- ਭੌਰੇ/51
- ਦੁੱਖ/52
- ਪੱਲਾ/53
- ਕਸਵੱਟੀ/54
- ਸੜਕ/55
- ਹਾਲਾਤ/57
- ਕੁਝ ਲੋਕ/58
- ਹੋਲੀ/59
- ਜੰਗਲ/60
- ਕੀਮਤੀ ਫੁੱਲ/61
- ਤੇਰੀ ਯਾਦ ਵਿੱਚ/62
- ਹੱਥਕੜੀਆਂ/63
- ਰੂਪ /64
- ਦੋਸ਼ੀ /65

- ਵੇਖਿਆ ਨਹੀ/66
- ਪਿੰਜਰੇ/67
- ਦੀਵੇ/68
- ਸਪੇਰਾ/69
- ਪੰਡ/70
- ਲਿਖਤਾਂ/71
- ਕੋਸ਼ਿਸ/72
- ਰਾਹ/73
- ਉਹ ਕਦੇ/74
- ਚੰਨ/75
- ਕਿਸਾਨ/76
- ਸਕੂਨ/77
- ਅਸੂਲ/78
- ਮੁਸਕਰਾਹਟ/79
- ਸ਼ਾਇਦ ਉਹ/80
- ਮੇਰੀਆਂ ਲਿਖਤਾਂ/81
- ਸੁਪਨਿਆਂ ਵਿੱਚ/82
- ਦੀਦਾਰ/83
- ਤਾਰੇ/84
- ਘੜ੍ਹਾ/85
- ਸ਼ੇਜ/86
- ਗੁਨਾਹ/87
- ਯਾਦ/88
- ਗੱਲ ਦਿਲ ਤੇ/89
- ਮਿਲਦੇ/90
- ਪਰਵਾਨਗੀ/91
- ਯਾਦਾਂ ਦੇ ਹੰਝੂ/92
- ਰਾਤਾਂ/93
- ਫਰਕ/94
- ਮੈਂ/95
- ਸਮੁੰਦਰ/96
- ਸਭ ਕੁਝ/97
- ਚੰਨਾ/98
- ਉਡੀਕ/99
- ਕਾਲੀ ਰਾਤ/100
- ਕੁਝ ਮੇਰੇ ਬਾਰੇ/101
- ਜਦੋਂ ਮਰਜ਼ੀ/102
- ਸਮਾਂ/103
- ਆਸ਼ਕ/104
- ਸਕੂਲ/105
- ਰਾਤ ਚੰਨਾ/106
- ਪਰਖ/107
- ਥਾਂ/108

## ਭਵਿੱਖ ਦੇ ਪੰਜਾਬੀ ਕਾਵਿ-ਸਾਹਿਤ ਦੀ ਉਮੀਦ ਜਸਮੀਤ ਸਿੰਘ ਬਹਿਣੀਵਾਲ

ਜਸਮੀਤ ਬਹਿਣੀਵਾਲ ਦੀ ਪਲੇਠੀ ਕਾਵਿ-ਰਚਨਾ 'ਕਿਤਾਬ ਬੋਲ ਪਈ' ਦਾ ਖਰੜਾ ਪੜ੍ਹ ਕੇ ਮਹਿਸੂਸ ਹੋਇਆ ਕਿ ਮਾਲਵੇ ਦੀ ਮਿੱਟੀ ਵਿੱਚ ਸਾਹਿਤ ਦਾ ਇੱਕ ਅਜਿਹਾ ਬੂਟਾ ਪੁੰਗਰ ਰਿਹਾ ਹੈ ਜਿਸ ਤੋਂ ਭਵਿੱਖ ਵਿੱਚ ਵੱਡੀਆਂ ਉਮੀਦਾਂ ਕੀਤੀਆਂ ਜਾ ਸਕਦੀਆਂ ਹਨ। ਮੇਰਾ ਛੋਟਾ ਵੀਰ ਬਚਨ ਬੇਦਿਲ ਗਾਹੇ-ਵਗਾਹੇ ਜਸਮੀਤ ਬਾਰੇ ਗੱਲ ਤਾਂ ਕਰਦਾ ਸੀ ਪਰ ਜਸਮੀਤ ਦੀ ਸਾਹਿਤ ਪ੍ਰਤੀ ਸਾਧਨਾ ਅਤੇ ਮੋਹ ਉਸਦੀ ਪਲੇਠੀ ਕਲਾ-ਕ੍ਰਿਤ 'ਕਿਤਾਬ ਬੋਲ ਪਈ' ਵਾਚਦਿਆਂ ਮਹਿਸੂਸ ਹੋਇਆ। ਕਵਿਤਾਵਾਂ ਵਿੱਚ ਕਿੱਤੇ-ਕਿੱਤੇ ਭਰੀਆਂ ਉੱਚੀਆਂ ਉਡਾਰੀਆਂ ਮਲੂਕੜੇ ਜਿਹੇ ਸ਼ਾਇਰ ਜਸਮੀਤ ਪ੍ਰਤੀ ਕਾਫ਼ੀ ਸੰਭਾਵਨਾ ਪੈਦਾ ਕਰਦੀਆਂ ਹਨ।

**ਸ਼ਮਸ਼ੇਰ ਸੰਧੂ**

## ਮਾਲਵੇ ਦੇ ਟਿੱਬਿਆਂ ਵਿੱਚ ਉੱਗਿਆ ਸ਼ਾਇਰੀ ਦਾ ਬੂਟਾ
## ਜਸਮੀਤ ਸਿੰਘ ਬਹਿਣੀਵਾਲ

ਜਸਮੀਤ ਬਹਿਣੀਵਾਲ ਕੁਝ ਸਾਲ ਪਹਿਲਾਂ ਜਦੋਂ ਮੈਨੂੰ ਮਿਲਿਆ ਉਸ ਵਕਤ ਉਹ ਲੰਬੀਆਂ ਦੌੜਾਂ ਦਾ ਦੌੜਾਕ ਸੀ ਅਤੇ ਰਾਸ਼ਟਰੀ ਪੱਧਰ ਤੇ ਤਮਗੇ ਹਾਸਿਲ ਕਰ ਚੁੱਕਾ ਸੀ। ਉਸ ਸਮੇਂ ਜਸਮੀਤ ਖੇਡਾਂ ਦੇ ਨਾਲ-ਨਾਲ ਪੰਜਾਬੀ ਗੀਤਕਾਰੀ ਦਾ ਆਸ਼ਕ ਬਿਲਕੁਲ ਧੀਦੋ ਰਾਂਝੇ ਵਰਗਾ ਸੀ। ਪਹਿਲੀ ਮੁਲਾਕਾਤ ਵਿੱਚ ਹੀ ਜਸਮੀਤ ਨੇ ਮੇਰੇ ਕਿੰਨੇ ਹੀ ਗੀਤ ਮੈਨੂੰ ਮੂੰਹ ਜ਼ੁਬਾਨੀ ਸੁਣਾ ਦਿੱਤੇ। ਇੱਕ-ਦੋ ਮੁਲਾਕਾਤਾਂ ਬਾਅਦ ਜਸਮੀਤ ਨੇ ਮੈਨੂੰ ਆਪਣੇ ਲਿਖੇ ਕੁਝ ਕੁਆਰੇ ਗੀਤ ਵਿਖਾਏ ਜੋ ਮਾਰਕੀਟ ਵਿੱਚ ਚਲ ਰਹੇ ਗੀਤਾਂ ਦੇ ਬਿਲਕੁਲ ਉਲਟ ਸਨ। ਜਸਮੀਤ ਦੇ ਗੀਤਾਂ ਵਿੱਚ ਸਿਰਫ਼ ਤੇ ਸਿਰਫ਼ ਪਾਕ-ਪਵਿੱਤਰ ਰਿਸ਼ਤਿਆਂ ਦੀ ਗੱਲ ਸੀ। ਮੈਂ ਉਸਦੇ ਗੀਤਾਂ ਦੀ ਤਾਰੀਫ਼ ਕੀਤੀ ਅਤੇ ਕੁਝ ਗੀਤ ਰਿਕਾਰਡਿੰਗ ਲਈ ਆਪਣੇ ਪਾਸ ਰੱਖ ਲਏ। ਹੁਣ ਜਸਮੀਤ ਦੇ ਲਿਖੇ ਕੁਝ ਹੋਰ ਗੀਤ ਭਵਿੱਖ ਵਿੱਚ ਛੇਤੀ ਹੀ ਆਪ ਨੂੰ ਸੁਣਨ ਨੂੰ ਮਿਲਣਗੇ। ਦਿਨ, ਮਹੀਨੇ ਤੇ ਸਾਲ ਗੁਜ਼ਰਦੇ ਗਏ। ਪਿਛਲੇ ਦਿਨੀਂ ਮੈਨੂੰ ਜਸਮੀਤ ਦੀਆਂ ਕਵਿਤਾਵਾਂ ਦਾ ਖਰੜਾ ਪੜ੍ਹਨ ਨੂੰ ਮਿਲਿਆ। ਉਨ੍ਹਾਂ ਵਿੱਚੋਂ ਕੁਝ ਕੁ ਕਵਿਤਾਵਾਂ ਮੇਰੀਆਂ ਅੱਖਾਂ ਨੂੰ ਚੰਗੀਆਂ ਲੱਗੀਆਂ, ਕੁਝ ਕੁ ਕਵਿਤਾਵਾਂ ਨੇ ਮੇਰੇ ਦਿਮਾਗ ਨੂੰ ਟੁੰਬਿਆਂ ਅਤੇ ਕੁਝ ਕੁ ਕਵਿਤਾਵਾਂ ਅੱਖਰ-ਅੱਖਰ ਮੇਰੇ ਦਿਲ ਉੱਤੇ ਖੋਈਆਂ ਗਈਆਂ। ਲੰਬੀ ਰੇਸ ਦੇ ਇਸ ਮਾਸੂਮ ਜਿਹੇ ਅਥਲੀਟ ਦੀ ਲਿਖੀ ਇਹ ਕਾਵਿ-ਪੁਸਤਕ "ਕਿਤਾਬ ਬੋਲ ਪਈ" ਨੂੰ ਪੜ੍ਹ ਕੇ ਇਹ ਮਹਿਸੂਸ ਹੁੰਦਾ ਹੈ ਕਿ ਜਸਮੀਤ ਬਹਿਣੀਵਾਲ ਇੱਕ ਸੰਭਾਵਨਾ ਭਰਪੂਰ ਸ਼ਾਇਰ ਹੈ। ਰੱਬ ਉਸਦੀ ਕਲਮ ਨੂੰ ਹੋਰ ਵੀ ਬੁਲੰਦੀਆਂ ਬਖਸ਼ੇ। ਮੇਰੀਆਂ ਸਾਰੀਆਂ ਆਸੀਸਾਂ ਤੇ ਸ਼ੁਭ ਕਾਮਨਾਵਾਂ ਜਸਮੀਤ ਬਹਿਣੀਵਾਲ ਦੇ ਨਾਲ ਹਨ। ਮੈਨੂੰ ਆਸ ਹੈ ਕਿ ਮਾਲਵੇ ਦੇ ਟਿੱਬਿਆਂ ਵਿਚ ਉੱਘਿਆ ਸ਼ਾਇਰੀ ਦਾ ਇਹ ਬੂਟਾ ਆਪਣੀਆਂ ਸਾਹਿਤਕ ਤੇ ਰੰਗਲੀਆਂ ਰਚਨਾਵਾਂ ਸਦਕਾ ਪੰਜਾਬ ਅਤੇ ਪੰਜਾਬੀਅਤ ਦੇ ਸਾਹਿਤਕ ਵਿਹੜੇ ਵਿੱਚ ਸਦਾ-ਸਦਾ ਲਈ ਮਹਿਕਾਂ ਖਿਲਾਰਦਾ ਰਹੇਗਾ।

**ਬਚਨ ਬੇਦਿਲ ਬਡਰੁੱਖਾਂ**

# ਕੁਝ ਮੇਰੇ ਵੱਲੋਂ ਵੀ

ਦਿਲ ਦੇ ਡੂੰਘੇ ਸਮੁੰਦਰ ਵਿੱਚ ਗੱਲਾਂ ਦਾ ਤੂਫਾਨ ਉੱਠ ਰਿਹਾ ਹੈ। ਇਸ ਤੂਫਾਨ ਦੀਆਂ ਲਹਿਰਾਂ ਦੇ ਨਾਲ ਚੋਣਵੀਆਂ ਗੱਲਾਂ ਤਰਦੀਆਂ-ਤਰਦੀਆਂ ਕਿਨਾਰੇ ਵੱਲ ਆ ਰਹੀਆਂ ਹਨ। ਮੈਂ ਕਿਨਾਰੇ ਤੋਂ ਥੋੜੀ ਦੂਰ ਖੜ੍ਹਾ ਸੋਚ ਰਿਹਾ ਹਾਂ ਕਿ ਮੈਂ ਭੱਜ ਕੇ ਮੇਰੀ ਜ਼ਿੰਦਗੀ ਅਤੇ ਸੋਚ ਨਾਲ ਜੁੜੀਆਂ ਉਹ ਗੱਲਾਂ ਨੂੰ ਚੁੱਕ ਲਿਆਵਾਂ ਅਤੇ ਦੁਨੀਆਂ ਅੱਗੇ ਪੇਸ਼ ਕਰ ਦੇਵਾਂ। ਇਹ ਤੂਫਾਨ ਬਹੁਤ ਸਾਰੀਆਂ ਗੱਲਾਂ ਨੂੰ ਕਿਨਾਰੇ 'ਤੇ ਪਹੁੰਚਾ ਕੇ ਵਾਪਸ ਆਪਣੇ ਨਾਲ ਵੀ ਲੈ ਕੇ ਜਾ ਰਿਹਾ ਹੈ। ਇਹਨਾਂ ਵਿੱਚੋਂ ਕੁੱਝ ਕੁ ਗੱਲਾਂ ਤੁਹਾਡੇ ਅੱਗੇ ਪੇਸ਼ ਕਰਨ ਲਈ ਮੇਰੇ ਹੱਥ ਲੱਗ ਗਈਆਂ ਹਨ।

ਮੈਂ ਅੱਜ ਤੱਕ ਰੱਬ ਦੇ ਬਰਾਬਰ ਦਾ ਰੁਤਬਾ ਕਿਸੇ ਇਨਸਾਨ ਨੂੰ ਨਹੀਂ ਦਿੱਤਾ ਅਤੇ ਨਾ ਹੀ ਕਦੇ ਦੇਵਾਂਗਾ ਚਾਹੇ ਮੈਨੂੰ ਕਿਸੇ ਇਨਸਾਨ ਤੋਂ ਕਿੰਨਾ ਵੀ ਲਾਭ ਪ੍ਰਾਪਤ ਕਿਉਂ ਨਾ ਹੁੰਦਾ ਹੋਵੇ। ਮੈਨੂੰ ਉਹਨਾਂ ਲੋਕਾਂ ਨਾਲ ਸਖਤ ਨਫ਼ਰਤ ਹੈ ਜੋ ਆਪਣੇ ਮਤਲਬ ਲਈ ਇਨਸਾਨਾਂ ਨੂੰ ਰੱਬ ਤੋਂ ਵੱਡਾ ਜਾਂ ਬਰਾਬਰ ਦਾ ਦਰਜਾ ਦੇ ਦਿੰਦੇ ਹਨ। ਇਹ ਸਾਰੇ ਇਨਸਾਨ ਤਾਂ ਰੱਬ ਨੇ ਪੈਦਾ ਕੀਤੇ ਹਨ ਅਤੇ ਸਭਨਾਂ ਦਾ ਪਾਲਨਹਾਰ ਇੱਕ ਰੱਬ ਹੀ ਹੈ। ਜੇ ਉਸਦੀ ਨਜ਼ਰ ਨਾ ਪਈ ਤਾਂ ਕੋਈ ਕਿਸੇ ਇਨਸਾਨ ਤੋਂ ਕੁੱਝ ਵੀ ਪ੍ਰਾਪਤ ਨਹੀਂ ਕਰ ਸਕਦਾ। ਇਨਸਾਨ ਤਾਂ ਇਕ ਜਰੀਆ ਬਣਦਾ ਹੈ ਕਿਸੇ ਨੂੰ ਕੁੱਝ ਪ੍ਰਾਪਤ ਕਰਵਾਉਣ ਲਈ। ਸਾਨੂੰ ਹਰ ਇਕ ਇਨਸਾਨ ਦੀ ਰੱਬ ਦਾ ਬੰਦਾ ਮੰਨ ਕੇ ਕਦਰ ਜ਼ਰੂਰ ਕਰਨੀ ਚਾਹੀਦੀ ਹੈ। ਸਾਨੂੰ ਆਪਸੀ ਪ੍ਰੇਮ-ਭਾਵ ਵਧਾਉਣਾ ਚਾਹੀਦਾ ਹੈ। ਇਕ ਗੱਲ ਅਕਸਰ ਹੀ ਮੇਰੀ ਚਿੰਤਾ ਦਾ ਵਿਸ਼ਾ ਬਣੀ ਰਹਿੰਦੀ ਹੈ। ਉਹ ਗੱਲ ਇਹ ਹੈ ਕਿ ਮਸਾਂ ਚੁਰਾਸੀ ਲੱਖ ਜੂਨ ਤੋਂ ਬਾਅਦ ਸਾਨੂੰ ਇਹ ਮਨੁੱਖਾ ਜਨਮ ਮਿਲਿਆ ਹੈ। ਜਿਨ੍ਹਾਂ ਲੋਕਾਂ ਨਾਲ ਸਾਡਾ ਖੂਨ ਦਾ ਰਿਸ਼ਤਾ ਹੈ, ਦੋਸਤਾਨਾ ਸੰਬੰਧ ਹਨ ਜਾਂ ਫਿਰ ਭਾਈਚਾਰਕ ਸਾਂਝ ਹੈ। ਚੁਰਾਸੀ ਲੱਖ ਜੂਨ ਦੇ ਲੱਖਾਂ, ਕਰੋੜਾਂ ਸਾਲਾ ਵਿੱਚ ਸਿਰਫ 50 ਜਾ 60 ਸਾਲ ਲਈ ਅਸੀਂ ਇਕ ਦੂਜੇ ਦੇ ਸਮਕਾਲੀ ਬਣੇ ਹੁੰਦੇ ਹਾਂ ਜੇ ਅਸੀਂ ਉਹ ਹੀ ਸਮਾਂ ਇੱਕ ਦੂਜੇ ਨਾਲ ਲੜ ਕੇ ਜਾਂ ਵੈਰ-ਵਿਰੋਧ ਨਾਲ ਕੱਢਾਂਗੇ ਫਿਰ ਮਨੁੱਖ ਤੇ ਜਾਨਵਰ ਵਿੱਚ ਕੀ ਫਰਕ ਰਹਿ ਜਾਵੇਗਾ। ਲੋਕ ਕਹਾਵਤਾਂ ਮੁਤਾਬਿਕ ਕਿਸੇ ਖਾਸ ਨਾਲ ਹੀ ਸਾਡਾ ਸੱਤ ਜਨਮਾਂ ਦਾ ਰਿਸ਼ਤਾ ਹੁੰਦਾ ਹੈ। ਹੋ ਸਕਦਾ ਹੋ ਜੋ ਸਾਡਾ ਉਹ ਖਾਸ ਪਿਆਰਾ ਹੈ ਉਸ ਨਾਲ ਵੀ ਸਾਡਾ ਇਹ ਸੱਤਵਾਂ ਜਨਮ ਹੀ ਹੋਵੇ। ਮੰਨ ਲਵੋ ਜੇ ਉਸ ਨਾਲ ਸਾਡਾ ਪਹਿਲਾ ਜਨਮ ਵੀ ਹੈ ਤਾਂ ਵੀ ਲੱਖਾਂ, ਕਰੋੜਾਂ

ਸਾਲਾਂ ਸਾਹਮਣੇ ਤਿੰਨ-ਚਾਰ ਸੋ ਸਾਲ ਸਮੁੰਦਰ ਵਿੱਚ ਕੁਝ ਬੂੰਦਾਂ ਦੇ ਸਮਾਨ ਹੀ ਹਨ। ਸੋ ਸਾਨੂੰ ਹਰ ਇੱਕ ਇਨਸਾਨ ਨਾਲ ਮਿਲ ਕੇ ਰਹਿਣਾ ਚਾਹੀਦਾ ਹੈ। ਜਦੋਂ ਮੈਂ ਇੱਕ ਦੂਜੇ ਤੋਂ ਦੂਰ ਖੜ੍ਹੇ ਰੁੱਖਾਂ ਨੂੰ ਵੇਖਦਾ ਹਾਂ ਤਾਂ ਸੋਚਦਾ ਹਾਂ ਕਿ ਅਸੀਂ ਮਨੁੱਖ ਕਿੰਨੇ ਚੰਗੇ ਹਾਂ ਜੋ ਆਪਣੇ ਦੋਸਤਾਂ-ਮਿੱਤਰਾਂ ਨੂੰ ਗਲ ਲੱਗ ਕੇ ਮਿਲ ਸਕਦੇ ਹਾ ਪਰ ਇਹ ਵਿਚਾਰੇ ਤਾਂ ਇੱਕ ਦੂਜੇ ਕੋਲ ਆ ਕੇ ਆਪਣੇ ਦੁੱਖ-ਸੁੱਖ ਵੀ ਨਹੀਂ ਸਾਂਝੇ ਕਰ ਸਕਦੇ ਕੀ ਪਤਾ ਉਹਨਾਂ ਦੇ ਦਿਲ ਵਿੱਚ ਇੱਕ-ਦੂਜੇ ਨੂੰ ਮਿਲਣ ਦੀ ਕਿੰਨੀ ਤਾਂਘ ਹੁੰਦੀ ਹੋਵੇ ਪਰ ਉਹ ਇੱਕ ਦੂਜੇ ਦੇ ਗਲ ਲੱਗ ਕੇ ਮਿਲਣ ਤੋਂ ਅਸਮਰਥ ਹਨ। ਉਹ ਦਿਲ ਵਿੱਚ ਇੱਕ ਦਿਨ-ਦੂਜੇ ਦੀ ਦੂਰੀ ਦੇ ਦੁੱਖ ਦਾ ਅਹਿਸਾਸ ਲੈ ਕੇ ਦੁਨੀਆਂ ਤੋਂ ਚਲੇ ਜਾਂਦੇ ਹਨ। ਕਈ ਰੁੱਖ ਬਿਲਕੁਲ ਕੋਲ-ਕੋਲ ਹੁੰਦੇ ਹਨ। ਹੋ ਸਕਦਾ ਹੈ ਉਹਨਾਂ ਦੀ ਆਪਸ ਵਿੱਚ ਨਾ ਬਣਦੀ ਹੋਵੇ ਪਰ ਮਜਬੂਰੀ ਕਰਕੇ ਉਹ ਇੱਕ ਦੂਜੇ ਨਾਲ ਖਹਿ ਕੇ ਉੱਪਰ ਵੱਲ ਨਿੱਕਲ ਰਹੇ ਹੁੰਦੇ ਹਨ। ਜਦੋਂ ਕਿ ਜੇਕਰ ਮਨੁੱਖ ਦੀ ਕਿਸੇ ਨਾਲ ਨਾ ਬਣਦੀ ਹੋਵੇ ਤਾਂ ਉਹ ਉਸ ਤੋਂ ਪਾਸਾ ਵੱਟ ਲੈਂਦਾ ਹੈ। ਸੋ ਸਾਨੂੰ ਮਨੁੱਖਾ ਜਨਮ ਲਈ ਰੱਬ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ ਜੋ ਉਸਨੇ ਸਾਨੂੰ ਆਪਣੇ ਦੋਸਤਾਂ, ਮਿੱਤਰਾਂ ਤੇ ਚਾਹੁਣ ਵਾਲਿਆਂ ਕੋਲ ਰਹਿਣ ਲਈ ਥਾਂ ਦਿੱਤੀ ਅਤੇ ਦੁਸ਼ਮਣ ਤੋਂ ਦੂਰ ਰਹਿਣ ਲਈ ਵੀ ਮੌਕਾ ਦਿੱਤਾ।

ਮੈਨੂੰ ਮੌਤ ਤੋਂ ਡਰ ਲੱਗਦਾ ਹੈ। ਇਸ ਲਈ ਨਹੀਂ ਕਿ ਮੈਨੂੰ ਆਪਣੀ ਜ਼ਿੰਦਗੀ ਨਾਲ ਬਹੁਤ ਪਿਆਰ ਹੈ, ਇਸ ਲਈ ਕਿ ਮਰ ਕੇ ਮੈਨੂੰ ਪਿਆਰ ਕਰਨ ਵਾਲੇ ਜਿਨ੍ਹਾਂ ਨੂੰ ਮੈਂ ਹੱਦੋਂ ਵੱਧ ਚਾਹੁੰਦਾ ਹਾਂ, ਜਿਨ੍ਹਾਂ ਦੇ ਸਾਥ ਜਾਂ ਯਾਦ ਬਿਨਾਂ ਮੇਰਾ ਪਲ ਵੀ ਜੀਣਾ ਮੁਹਾਲ ਹੋ ਜਾਂਦਾ ਹੈ, ਉਹਨਾਂ ਤੋਂ ਸਦਾ ਲਈ ਦੂਰ ਚਲਾ ਜਾਵਾਂਗਾ। ਫਿਰ ਮੈਂ ਦਿਲੋਂ ਚਾਹ ਕੇ ਅਤੇ ਉਹਨਾਂ ਦੇ ਬੁਲਾਉਣ ਤੇ ਵੀ ਵਾਪਿਸ ਨਹੀਂ ਆ ਸਕਾਂਗਾ। ਮੇਰੇ ਦਿਲ ਵਿੱਚ ਮੈਨੂੰ ਟੱਕਰ ਦੇਣ ਵਾਲੇ ਲੋਕਾਂ ਤੋਂ ਸਦਾ ਲਈ ਵੱਖ ਹੋਣ ਦਾ ਵੀ ਡਰ ਰਹਿੰਦਾ ਹੈ ਜਿਨ੍ਹਾਂ ਦੀਆਂ ਟੱਕਰਾਂ ਅਤੇ ਚੋਟਾਂ ਮੈਨੂੰ ਸਮੇਂ-ਸਮੇਂ ਤੇ ਕੁਝ ਕਰਨ ਲਈ ਉਕਸਾਉਂਦੀਆਂ ਰਹਿੰਦੀਆਂ ਹਨ। ਮੈਂ ਜ਼ਿਆਦਾਤਰ ਚਿੱਤਰਾਂ ਅਤੇ ਤਸਵੀਰਾਂ ਨੂੰ ਵੇਖ ਕੇ ਹੀ ਲਿਖਦਾ ਹਾਂ ਉਹ ਵੀ ਜਦੋਂ ਕਦੇ ਮੈਨੂੰ ਰਸਤੇ ਵਿੱਚ ਜਾਂਦੇ ਨੂੰ ਨਜ਼ਰੀਂ ਪੈ ਜਾਣ। ਕਿੰਨੀਆਂ ਹੀ ਕਵਿਤਾਵਾਂ ਮੈਨੂੰ ਚੰਨ, ਤਾਰਿਆਂ ਅਤੇ ਬੱਦਲਾਂ ਵੱਲ ਵੇਖ ਕੇ ਯਾਦ ਆਈਆਂ ਹਨ। ਕਿੰਨੀਆਂ ਹੀ ਕਵਿਤਾਵਾਂ ਮੈਨੂੰ ਫੁੱਲਾਂ ਅਤੇ ਚਿਹਰਿਆਂ ਨੂੰ ਵੇਖ ਕੇ ਯਾਦ ਆਈਆਂ ਅਤੇ ਆ ਰਹੀਆਂ ਹਨ ਜੋ ਕਦੇ ਮੈਂ ਖਿੜੇ ਤੇ ਮੁਰਝਾਏ, ਹੱਸਦੇ ਤੇ ਕੁਮਲਾਏ ਵੇਖੇ ਅਤੇ ਵੇਖਦਾ ਹਾਂ। ਮੈਨੂੰ ਪੜ੍ਹਨ ਦੀ ਰੁੱਚੀ ਬਹੁਤ ਘੱਟ ਹੈ। ਇਹ ਨਹੀਂ ਕਿਹਾ ਜਾ ਸਕਦਾ ਕਿ ਜਿਹੜੇ ਨਹੀਂ ਪੜ੍ਹਦੇ ਉਹ ਲਿਖਾਰੀ ਨਹੀਂ ਬਣ ਸਕਦੇ ਅਤੇ ਸਾਰੇ ਪਾਠਕ ਕਦੇ ਲਿਖਾਰੀ ਵੀ ਨਹੀਂ ਬਣਦੇ ਹੁੰਦੇ। ਕਵਿਤਾ ਹਰ ਵਿਅਕਤੀ ਦੇ ਅੰਦਰ ਹੁੰਦੀ ਹੈ। ਜਿਸ ਵਿਅਕਤੀ ਅੰਦਰ ਜਜ਼ਬਾਤ, ਦੂਜੇ ਦੀ ਪੀੜਾ

ਸਮਝਣਾ, ਸਮਾਜ ਵਿੱਚ ਹੋ ਰਹੀ ਧੱਕੇਸ਼ਾਹੀ, ਚਾਹਤ ਦਾ ਅਹਿਸਾਸ, ਹੁਨਰ, ਕੁਦਰਤ, ਪਿਆਰ ਇਹ ਸਭ ਚੀਜ਼ਾਂ ਮੌਜੂਦ ਹੁੰਦੀਆਂ ਹਨ ਉਹ ਚੰਗੀ ਕਵਿਤਾ ਲਿਖ ਸਕਦਾ ਹੈ। ਬਹੁਤਾ ਪੜ੍ਹਣ ਨਾਲ ਤਜਰਬਾ ਅਤੇ ਸ਼ਬਦੀ ਗਿਆਨ ਤਾਂ ਵੱਧਦਾ ਹੈ ਪਰ ਕਈ ਵਾਰੀ ਵਿਅਕਤੀ ਜਿਸ ਲਿਖਾਰੀ ਨੂੰ ਜ਼ਿਆਦਾ ਪੜ੍ਹਦਾ ਹੈ ਉਹ ਉਸ ਦੀ ਨਕਲ ਹੀ ਕਰਨ ਲੱਗ ਜਾਂਦਾ ਹੈ। ਕਵਿਤਾ ਕਿਸੇ ਵੇਲੇ ਵੀ ਦਿਮਾਗ ਵਿੱਚ ਆ ਸਕਦੀ ਹੈ। ਕਵਿਤਾ ਬੈਠਿਆਂ, ਪਿਆਂ, ਕੰਮ ਕਰਦਿਆਂ, ਸਫ਼ਰ ਕਰਦਿਆਂ, ਖੇਡਦਿਆਂ ਅਤੇ ਲਿਖਣੀ ਵੀ ਉਸੇ ਸਮੇਂ ਪੈਂਦੀ ਹੈ। ਉਦੋਂ ਕਵੀ ਦੀ ਅੰਦਰੂਨੀ ਕਲਾ ਕੰਮ ਕਰਦੀ ਹੈ। ਉਹ ਹੀ ਕਵੀ ਕਾਮਯਾਬ ਹੁੰਦਾ ਹੈ ਜਿਹੜਾ ਆਪਣੇ ਦਿਲ ਵਿੱਚ ਉੱਠਦੇ ਵਲਵਲਿਆਂ ਨੂੰ ਸੰਭਾਲ ਗਿਆ ਅਤੇ ਜਜ਼ਬਾਤਾਂ ਦੇ ਵਹਿੰਦੇ ਵੇਗਾਂ ਨੂੰ ਸਹੀ ਰਸਤਾ ਦੇ ਗਿਆ। ਜਿਹੜੇ ਲੋਕ ਦਿਲੋਂ ਇਹ ਮੰਨਦੇ ਹਨ ਕਿ ਸਾਰੀਆਂ ਕਲਾਵਾਂ ਰੱਬ ਦੇ ਹੱਥ ਵਿੱਚ ਹਨ ਉਹ ਦੁਨੀਆਂ ਤੇ ਆ ਕੇ ਬਹੁਤ ਕੁਝ ਖੱਟਦੇ ਹਨ। ਜਿਹੜੇ ਲੋਕ ਰੱਬ ਦਾ ਨਾਮ ਵੀ ਧਿਆਉਂਦੇ ਹਨ ਅਤੇ ਉਸ ਦੀ ਸੱਚੇ ਦਿਲੋਂ ਈਨ ਵੀ ਮੰਨਦੇ ਹਨ ਉਹ ਦੁਨੀਆਂ ਤੇ ਆ ਕੇ ਲਏ ਸਾਹਾਂ ਦਾ ਪੂਰਾ ਮੁੱਲ ਵੱਟਦੇ ਹਨ। ਮੈਂ ਹਰੇਕ ਲਿਖਾਰੀ ਅਤੇ ਖਿਡਾਰੀ ਦੀ ਬਹੁਤ ਕਦਰ ਕਰਦਾ ਹਾਂ ਕਿਉਂਕਿ ਉਹਨਾਂ ਨਾਲ ਮੇਰੇ ਦਿਲ ਦਾ ਰਿਸ਼ਤਾ ਹੈ। ਮੈਂ ਚੰਗੇ ਖਿਡਾਰੀ ਅਤੇ ਲਿਖਾਰੀ ਦੀ ਤਾਰੀਫ਼ ਕੀਤੇ ਬਿਨਾਂ ਰਹਿ ਨਹੀਂ ਸਕਦਾ। ਚਾਹੇ ਉਹ ਮੈਨੂੰ ਜਾਣਦਾ ਹੋਵੇ ਜਾਂ ਨਾ ਜਾਣਦਾ ਹੋਵੇ। ਮੈਂ ਦਿਲ ਵਿੱਚ ਇਹ ਆਸ ਲੈ ਕੇ ਆਪਣੀ ਕਵਿਤਾਵਾਂ ਦੀ ਪਹਿਲੀ ਪੁਸਤਕ 'ਕਿਤਾਬ ਬੋਲ ਪਈ' ਪੇਸ਼ ਕਰ ਰਿਹਾ ਹਾਂ ਕਿ ਜਿਵੇਂ ਪਿਆਰੇ ਪਾਠਕਾਂ ਨੇ ਮੇਰੇ ਪਹਿਲੇ ਕਹਾਣੀ ਸੰਗ੍ਰਹਿ 'ਸ਼ੌਕ ਦੀ ਮੌਤ' ਨੂੰ ਬਹੁਤ ਪਸੰਦ ਕੀਤਾ ਉਵੇਂ ਹੀ ਮੇਰੇ ਪਹਿਲੇ ਕਾਵਿ ਸੰਗ੍ਰਹਿ ਨੂੰ ਵੀ ਪਿਆਰੇ ਪਾਠਕ ਬਹੁਤ ਪਸੰਦ ਕਰਨਗੇ ਅਤੇ ਮੈਨੂੰ ਬੇਹੱਦ ਪਿਆਰ ਦੇਣਗੇ।

**ਤੁਹਾਡਾ ਉਡੀਕਵਾਨ**
**ਜਸਮੀਤ ਸਿੰਘ ਬਹਿਣੀਵਾਲ**

# ਧੰਨਵਾਦ

1. ਸਭ ਤੋਂ ਵੱਧ ਮੈਂ ਧੰਨਵਾਦੀ ਹਾਂ ਪੰਜਾਬੀ ਦੇ ਮਸ਼ਹੂਰ ਗੀਤਕਾਰ ਸ਼ਮਸ਼ੇਰ ਸੰਧੂ ਜੀ ਅਤੇ ਬਚਨ ਬੇਦਿਲ ਬਡਰੁੱਖਾਂ ਜੀ ਦਾ ਜਿਹਨਾਂ ਨੇ ਆਪਣੇ ਕੀਮਤੀ ਸਮੇਂ ਵਿੱਚੋਂ ਸਮਾਂ ਕੱਢ ਕੇ ਮੇਰੀ ਇਸ ਪੁਸਤਕ 'ਕਿਤਾਬ ਬੋਲ ਪਈ' ਲਈ ਆਪਣੇ ਸ਼ਬਦਾਂ ਦੇ ਕੀਮਤੀ ਖਜ਼ਾਨੇ ਵਿੱਚੋਂ ਕੁਝ ਸ਼ਬਦ ਲਿਖੇ। ਮੈਂ ਇਹਨਾਂ ਨਾਮਵਰ ਲਿਖਾਰੀਆਂ ਦਾ ਤਹਿ ਦਿਲੋਂ ਧੰਨਵਾਦੀ ਹਾਂ।
2. ਮੇਰੇ ਪਿਤਾ ਸ. ਇੰਦਰਜੀਤ ਸਿੰਘ,ਮਾਤਾ ਕੁਲਜੀਤ ਕੌਰ, ਭਰਾ ਗੁਰਦਰਸ਼ਨ ਸਿੰਘ, ਪਤਨੀ ਵੀਰਪਾਲ ਕੌਰ ਅਤੇ ਸੱਸ ਮਾਤਾ ਭਜਨ ਕੌਰ ਜੀ ਦਾ ਬਹੁਤ ਧੰਨਵਾਦੀ ਹਾਂ ਜਿਹਨਾਂ ਨੇ ਥੰਮ ਬਣਕੇ ਇਹ ਕਿਤਾਬ ਛਪਾਉਣ ਲਈ ਮੈਨੂੰ ਪੂਰਾ ਸਹਾਰਾ ਦਿੱਤਾ।
3. ਹਰਪ੍ਰੀਤ ਸਿੰਘ ਸੋਢੀ (ਧਿੰਗੜ),ਲੇਖਕ ਬਲਜਿੰਦਰ ਸਿੰਘ ਜੌੜਕੀਆਂ,ਲੇਖਕ ਬਲਵਿੰਦਰ ਸਿੰਘ ਬੁਢਲਾਡਾ, ਬਚਿੱਤਰ ਸਿੰਘ ਜਟਾਣਾ, ਸਿਕੰਦਰ ਸਿੰਘ ਜੰਡੋਕੇ(ਮੁਕਤਸਰ), ਗੁਰਸੰਗਤ ਸਿੰਘ ਖਨਾਲ ਕਲਾਂ ਅਤੇ ਲੈਕਚਰਾਰ ਨਰਿੰਦਰ ਸਿੰਘ ਮਾਖਾ। ਮੈਂ ਇਹਨਾਂ ਦੋਸਤਾਂ ਦਾ ਬਹੁਤ ਧੰਨਵਾਦੀ ਹਾਂ।
4. ਸ. ਸ਼ਰਵਿੰਦਰ ਸਿੰਘ ਕੰਪਿਊਟਰ ਇੰਜੀਨੀਅਰ ਪਟਿਆਲਾ ਅਤੇ ਸ. ਇਸ਼ਵਿੰਦਰ ਸਿੰਘ ਡੀ. ਪੀ. ਆਰ. ਓ. ਪਟਿਆਲਾ ਜਿਹਨਾਂ ਨੇ ਇਹ ਪੁਸਤਕ ਛਪਾਉਣ ਲਈ ਮੈਨੂੰ ਹੌਂਸਲਾ ਦਿੱਤਾ।
5. ਮਾ.ਹਰਜੀਤ ਸਿੰਘ ਜੌੜਕੀਆਂ ਅਤੇ ਮਾ.ਜਗਜੀਤ ਸਿੰਘ ਖਾਰਾ ਜਿਹਨਾਂ ਨੇ ਇਸ ਪੁਸਤਕ ਦਾ ਖਰੜਾ ਤਿਆਰ ਕਰਨ ਵਿੱਚ ਮੇਰੀ ਬਹੁਤ ਮਦਦ ਕੀਤੀ।
6. ਗੀਤਕਾਰ ਸਿਕੰਦਰ ਸਿੰਘ ਟਾਂਡੀਆਂ ਜਿਹਨਾਂ ਨੇ ਆਪ ਵੀ ਚੰਗੇ ਦੋਗਾਣੇ ਤੇ ਸੋਲੋ ਗੀਤ ਲਿਖੇ ਅਤੇ ਮੈਨੂੰ ਵੀ ਕੁਝ ਨਾ ਕੁਝ ਲਿਖਣ ਲਈ ਕਿਹਾ।
7. ਮਾ. ਜਗਪਾਲ ਸਿੰਘ ਚੂੜ੍ਹੀਆ, ਮਾ. ਸ਼ਮਸ਼ੇਰ ਸਿੰਘ ਦਸੌਂਧੀਆ, ਮਾ.ਸ਼ਿਵਚਰਨ ਸਿੰਘ ਧਿੰਗੜ, ਮਾ. ਧਰਮਪਾਲ ਜੀ ਤਲਵੰਡੀ ਸਾਬੋ, ਮਾ. ਰਾਜਵਿੰਦਰ ਸਿੰਘ ਲਾਲਿਆਣਾ, ਮਾ.ਗੁਰਸੇਵਕ ਸਿੰਘ ਜੌੜਕੀਆਂ, ਮਾ. ਲੱਖਾ ਸਿੰਘ ਝੰਡੂਕੇ, ਮਾ. ਗੁਰਵਰਿੰਦਰ ਸਿੰਘ ਵਿਰਕ, ਮਾ. ਬਲਕਰਨ ਸਿੰਘ ਖੋਖਰ, ਮਾ. ਗੁਰਵਿੰਦਰ ਸਿੰਘ ਬਹਿਣੀਵਾਲ, ਮਾ.ਹਰਜੀਤ ਸਿੰਘ ਮਾੜੀ, ਮਾ.ਪ੍ਰਕਾਸ਼ ਸਿੰਘ ਰਮਦਿੱਤੇ ਵਾਲਾ, ਮਾ.ਇਕਬਾਲ ਸਿੰਘ ਰਾਮਾਂਨੰਦੀ,

ਮਾ.ਗੁਰਪ੍ਰੀਤ ਸਿੰਘ ਬਠਿੰਡਾ, ਮਾ. ਨਿਧਾਨ ਸਿੰਘ ਫੱਤਾ ਮਾਲੋਕਾ ਅਤੇ ਮਾ.ਲਖਵੀਰ ਸਿੰਘ ਜੰਡੋਕੇ। ਮੈਂ ਇਹਨਾਂ ਅਧਿਆਪਕਾਂ ਦਾ ਬਹੁਤ ਧੰਨਵਾਦੀ ਹਾਂ।

8. ਪਿੰਕੀ ਧਾਲੀਵਾਲ ਜੀ, ਗਾਇਕ ਧਰਮਪ੍ਰੀਤ ਜੀ,ਤੇਜਿੰਦਰ ਸਿੰਘ ਐਡਵੋਕੇਟ ਤਲਵੰਡੀ ਸਾਬੋ, ਜਗਦੀਪ ਸਿੰਘ ਧਾਲੀਵਾਲ (ਖੱਟਰਕਾ), ਰਘਵੀਰ ਸਿੰਘ ਐਡਵੋਕੇਟ, ਗੁਰਦੀਪ ਸਿੰਘ ਡੀ. ਪੀ. ਗੁਰੂ ਗੋਬਿੰਦ ਸਿੰਘ ਇੰਜਨੀਅਰਿੰਗ ਕਾਲਜ ਦਮਦਮਾ ਸਾਹਿਬ, ਅਥਲੀਟ ਹਰਜਿੰਦਰ ਸਿੰਘ ਮੌਜੀਆ।
9. ਡਾ.ਕੁਲਦੀਪ ਸਿੰਘ ਦੀਪ ਅਤੇ ਕਵੀ ਬਲਜੀਤਪਾਲ ਜੀ ਦਾ ਧੰਨਵਾਦੀ ਹਾਂ।

**ਜਸਮੀਤ ਸਿੰਘ ਬਹਿਣੀਵਾਲ**

## ਧੰਨ ਗੁਰੂ ਨਾਨਕ

ਹੋ ਗਈਆਂ ਨੇ ਪੂਰੀਆਂ ਸਭ ਲਿਖਤਾਂ
ਛਪ ਜਾਊ ਮੇਰੀ ਵੀ ਕਿਤਾਬ ਜੀ।
ਮੈਂ ਬਾਬੇ ਨਾਨਕ ਨੂੰ ਮੰਨਦਾ ਹਾਂ
ਉਹ ਵੀ ਮੈਨੂੰ ਬਹੁਤ ਪਿਆਰਦਾ ਹੈ।
ਪਤਾ ਲੱਗਿਆ ਜਦੋਂ ਰਾਤੀਂ ਸੁਪਨੇ ਵਿੱਚ
ਕੰਨੀ ਪਈ ਮਰਦਾਨੇ ਦੀ ਰਬਾਬ ਜੀ।
ਇਹ ਸਭ ਉਹਦੀ ਹੀ ਕਿਰਪਾ ਹੈ।
ਭਲਾ ਦਿਨੇ ਕਦੋਂ ਪੂਰੇ ਹੁੰਦੇ ਨੇ
ਰਾਤਾਂ ਨੂੰ ਵੇਖੇ ਹੋਏ ਖ਼ੁਆਬ ਜੀ।
ਦੱਸੋ ਕਿਹੜੀ ਦੱਸਾਂ ਦੱਸੋ ਕਿਹੜੀ ਛੱਡਾਂ
ਜੇ ਇੱਕ ਹੁੰਦੀ ਜਸਮੀਤ ਦੱਸ ਦਿੰਦਾ
ਉਹਦੀਆਂ ਰਹਿਮਤਾਂ ਨੇ ਬੇਹਿਸਾਬ ਜੀ।

•

# ਕਿਤਾਬ ਬੋਲ ਪਈ

ਕੱਲ੍ਹ ਮੇਰੇ ਹੱਥਾਂ ਵਿੱਚ ਆ ਕੇ ਕਿਤਾਬ ਬੋਲ ਪਈ।
ਗੱਲ ਸੁਣ ਕੇ ਕਿਤਾਬ ਦੀ ਮੇਰੀ ਜਿੰਦ ਡੋਲ ਗਈ।
ਮੈਨੂੰ ਕਿਤਾਬ ਕਹਿੰਦੀ ਕਦੇ ਤੂੰ ਮੈਨੂੰ ਵੀ ਪੜ੍ਹ ਲੈ।
ਮੇਰੇ ਚੰਗੇ ਗੁਣਾਂ ਨੂੰ ਆਪਣੀ ਜ਼ਿੰਦਗੀ ਵਿੱਚ ਜੜ੍ਹ ਲੈ।
ਜਦੋਂ ਮੈਂ ਕਿਤਾਬ ਦਾ ਪਹਿਲਾ ਪੰਨਾ ਪੜ੍ਹਿਆ ਇੱਕ ਚੀਜ਼ ਲੱਭ ਗਈ,
ਜੋ ਸੀ ਮੇਰੀ ਜ਼ਿੰਦਗੀ ਵਿੱਚ ਅਣਗੌਲੀ ਪਈ।
ਫਿਰ ਮੈਂ ਝੱਟ ਦੂਜਾ ਪੰਨਾ ਪੜ੍ਹਿਆ ਮੇਰੇ ਲਈ ਉਸ ਪੰਨੇ ਉੱਤੇ ਵੀ,
ਇੱਕ ਚੀਜ਼ ਸੀ ਬੜੀ ਅਣਮੋਲ ਪਈ।
ਬੱਸ ਫਿਰ ਕੀ ਸੀ ਚੰਗੀਆਂ ਚੀਜ਼ਾਂ ਲੱਭਦੇ-ਲੱਭਦੇ ਨੇ ਮੈਂ ਪਲਾਂ ਵਿੱਚ,
ਆਖਰੀ ਪੰਨੇ ਤੱਕ ਸਾਰੀ ਕਿਤਾਬ ਫਰੋਲ ਲਈ।
ਆਪਣੀ ਪੂਰੀ ਜ਼ਿੰਦਗੀ ਦੇ ਤਜਰਬੇ ਲੈ ਕੇ ਜੋ
ਜਸਮੀਤ ਨੇ ਰੀਝਾਂ ਤੇ ਆਸਾਂ ਲਾ-ਲਾ ਕੇ ਕਦੇ ਸੀ ਲਿਖੀ,
ਆਪਣੀ ਜ਼ਿੰਦਗੀ ਦੀ ਗੁੰਝਲਦਾਰ ਤਾਣੀ ਸੁਲਝਾਉਣ ਲਈ
ਆਪ ਸਿੱਖਣ ਅਤੇ ਹੋਰਾਂ ਨੂੰ ਕੁਝ ਗੱਲਾਂ ਸਿਖਾਉਣ ਲਈ।
ਜ਼ਿੰਦਗੀ ਬਣਾਉਣ ਲਈ ਕੁਝ ਪਾਉਣ ਲਈ।
ਇਹ ਕਿਤਾਬ ਮੇਰੇ ਦਿਲ ਦੀਆਂ ਤਹਿਆਂ ਦੇ ਬਿਲਕੁਲ ਕੋਲ ਪਈ।

•

## ਰੱਬ

ਰੱਬ ਦੇ ਨਾਮ ਦੇ ਡਰਾਵੇ ਦੇ-ਦੇ ਕੇ ਜਿਹੜੇ ਲੋਕਾਂ ਨੂੰ ਡਰਾਉਂਦੇ ਨੇ
ਭਲਾ ਉਹ ਆਪ ਖੁਦ ਰੱਬ ਕੋਲੋਂ ਡਰਦੇ ਕਿਉਂ ਨਹੀਂ।
ਕੱਲੀਆਂ ਗੱਲਾਂ ਨਾਲ ਯੋਗ ਕਮਾਇਆ ਨਹੀਂ ਜਾਣਾ
ਕੱਲੀਆਂ ਗੱਲਾਂ ਕਰਨ ਵਾਲੇ ਇਹ ਗੱਲ ਦਿਲ ਤੇ ਮੜ੍ਹਦੇ ਕਿਉਂ ਨਹੀਂ।
ਜਸਮੀਤ ਸਿੰਘ ਬਹਿਣੀਵਾਲ ਰੱਬ ਕਿੰਨਾ ਦਿਆਲੂ ਤੇ ਕ੍ਰਿਪਾਲੂ ਹੈ
ਇਹ ਕਾਇਦਾ ਉਹ ਲੋਕਾਂ ਨੂੰ ਪੜ੍ਹਾਉਦੇ ਤੇ ਖੁਦ ਪੜ੍ਹਦੇ ਕਿਉਂ ਨਹੀਂ।
ਜੇ ਉਹਦੀ ਨਜ਼ਰ ਪੈ ਜਾਵੇ ਤਾਂ ਵੱਡੇ-ਵੱਡੇ ਪਾਪੀ ਵੀ ਤਰ ਜਾਂਦੇ
ਇਹ ਲੋਕੀ ਆਪਣਾ ਉੱਲੂ ਸਿੱਧਾ ਕਰਨੋ ਹਟਦੇ ਕਿਉਂ ਨਹੀਂ।
ਮੈਨੂੰ ਲੱਗਦਾ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾਉਦੇ ਹੋਏ
ਸਾਧ ਪਾਖੰਡੀ ਖੁਦ ਹੀ ਡੁੱਬਣਗੇ ਇਹ ਲੜ ਰੱਬ ਸੱਚੇ ਦਾ ਫੜਦੇ ਕਿਉਂ ਨਹੀਂ।
ਦੂਜਿਆਂ ਨੂੰ ਸਿੱਖਿਆ ਦੇਣ ਵਾਲੇ ਗੁਰੂਆਂ-ਪੀਰਾਂ ਦੇ
ਦੱਸੇ ਰਸਤੇ ਵਾਲੀ ਪੌੜੀ ਨੂੰ ਆਪ
ਉਹਦਾ ਨਾਮ ਜਪਦੇ ਹੋਏ ਚੜ੍ਹਦੇ ਕਿਉਂ ਨਹੀਂ।

•

## ਜਿਹੜੀ ਚੀਜ਼

ਜਿਹੜੀ ਚੀਜ਼ ਮੰਗਣੀ ਸੀ ਰੱਬ ਤੋਂ ਮੈਂ ਉਹ ਨਾ ਮੰਗੀ
ਜਿਹੜੀ ਚੀਜ਼ ਨਹੀ ਮੰਗਣੀ ਸੀ ਉਹ ਚੀਜ਼ ਮੰਗ ਬੈਠਾ।
ਮੈਂ ਵੀ ਮੌਤੋਂ ਬੇਪਰਵਾਹਿਆਂ ਵਾਗੂੰ ਖੁੱਲ੍ਹ ਕੇ ਜਿਉਂਦਾ ਜੱਗ ਤੇ
ਸ਼ਾਇਦ ਤਾਹੀਂ ਜ਼ਿੰਦਗੀ ਦਾ ਦਾਇਰਾ ਕਰ ਐਨਾ ਤੰਗ ਬੈਠਾ।
ਜਿਹੜੇ ਵਕਾਰਾਂ ਤੋਂ ਦੂਰ ਰਹਿਣ ਦੀ ਲੋੜ ਸੀ ਮੈਨੂੰ ਉਹ
ਤ੍ਰਿਸ਼ਨਾਵਾਂ ਵਿੱਚ ਅੱਗੇ ਵੱਧਣ ਦੀ ਮੈਂ ਛੇੜ ਜੰਗ ਬੈਠਾ।
ਜਿਹੜਾ ਕੱਲ੍ਹ ਵੀ ਸੱਚ ਸੀ ਅੱਜ ਵੀ ਸੱਚ ਤੇ ਕੱਲ੍ਹ ਨੂੰ ਵੀ ਸੱਚ ਬੇਮੁੱਖ ਲੋਕਾਂ ਤੋਂ
ਸੱਚ ਤੋਂ ਦੂਰ ਹੋਣ ਦਾ ਸਿੱਖ ਢੰਗ ਬੈਠਾ।
ਜਸਮੀਤ ਸਿੰਘ ਬਹਿਣੀਵਾਲ ਮੰਨ ਕੇ ਗੱਲ ਗੁਰੂ ਨਾਨਕ ਦੀ
ਉਹਦੀ ਦੀਦ ਮੰਗ ਲੈ ਜਿਹੜਾ ਤੇਰੇ ਅੰਗ-ਸੰਗ ਬੈਠਾ।

•

## ਲੋਕਾਂ ਨੇ

ਲੱਖਾਂ ਐਬ ਸੀ ਮੇਰੇ ਵਿੱਚ ਪਰ ਤਾਂ ਵੀ ਅੱਜ
ਮੈਨੂੰ ਹੱਥਾਂ ਉੱਤੇ ਚੱਕ ਲਿਆ ਲੋਕਾਂ ਨੇ।
ਮੇਰੇ ਸਾਰੇ ਗੁਨਾਹਾਂ ਉੱਤੇ ਪਰਦਾ ਪਾ ਕੇ ਇੱਜ਼ਤਾਂ ਦਾ
ਦੋਸ਼ ਕੱਲਾ-ਕੱਲਾ ਢੱਕ ਲਿਆ ਲੋਕਾਂ ਨੇ।
ਕਿਤੇ ਟੁੱਟ ਨਾ ਜਾਵੇ ਕਿਸੇ ਠੇਸ ਨਾਲ ਸ਼ਾਇਦ
ਦਿਲ ਮੇਰੇ ਨੂੰ ਸਮਝ ਕੱਚ ਲਿਆ ਲੋਕਾਂ ਨੇ।
ਮੈਂ ਵੀ ਕਰ ਚੱਲਿਆ ਸੀ ਕੂਚ ਏਸ ਜਹਾਨ ਤੋਂ
ਪਰ ਹੱਥ ਦੇ ਕੇ ਰੱਖ ਲਿਆ ਲੋਕਾਂ ਨੇ।
ਧੂੜ ਉੱਡਦੀ ਸੀ ਜੋ ਮੇਰੀਆਂ ਮੰਜ਼ਿਲਾਂ ਦੇ ਰਾਵਾਂ ਵਿੱਚ
ਉਹ ਰੇਤਾ ਵੀ ਫੱਕ ਲਿਆ ਲੋਕਾਂ ਨੇ।
ਤਨ ਮੇਰੇ ਵਿੱਚੋਂ ਬੁਰਾਈਆਂ ਦਾ ਜ਼ਹਿਰ ਕੱਢਣ ਲਈ
ਆਪਣੇ ਪਿੰਡੇ ਤੇ ਲਾ ਪੱਛ ਲਿਆ ਲੋਕਾਂ ਨੇ।
ਮੈਨੂੰ ਹੌਸਲਾ ਦੇਣ ਲਈ ਜ਼ਿੰਦਗੀ ਦੇ ਹਰ ਮੋੜ ਉੱਤੇ
ਸਿਰ ਮੇਰੇ ਤੇ ਰੱਖ ਹੱਥ ਲਿਆ ਲੋਕਾਂ ਨੇ।
ਮੈਨੂੰ ਵੱਡਾ ਬਣਾਉਣ ਲਈ ਕਈ ਵਾਰੀ ਮੰਗ
ਵੱਡਿਆ ਤੋਂ ਵੀ ਮੇਰਾ ਹੱਕ ਲਿਆ ਲੋਕਾਂ ਨੇ।
ਜਸਮੀਤ ਦੇ ਸੀਨੇ ਵੱਲ ਆਉਂਦਾ ਹਰ ਤੀਰ ਢਾਲ ਬਣ
ਸੀਨੇ ਆਪਣੇ ਤੇ ਡੱਕ ਲਿਆ ਲੋਕਾਂ ਨੇ।

•

## ਧੀਆਂ

ਹਰ ਕੋਈ ਕਰਦਾ ਹੈ ਏਥੇ ਗੱਲ
ਅਣਜੰਮੀਆਂ ਧੀਆਂ ਨੂੰ ਬਚਾਉਣ ਦੀ
ਪਰ ਜੇ ਅਣਜੰਮੀ ਧੀ ਹੈ ਬਚਾਉਣੀ।
ਜੰਮੀਆਂ ਧੀਆਂ ਦੀ ਕਦਰ ਵੀ
ਸਾਨੂੰ ਪਊਗੀ ਪਾਉਣੀ।
ਹਰ ਮਸਲੇ ਦਾ ਹੋ ਜਾਵੇਗਾ ਹੱਲ
ਲੋੜ ਹੈ ਇੱਕ ਤਾਣੀ ਸੁਲਝਾਉਣ ਦੀ
ਜੋ ਹਰ ਹੀਲੇ ਸਾਨੂੰ ਪਊਗੀ ਸੁਲਝਾਉਣੀ।
ਪੁੱਤ ਜਿੰਨੀ ਖੁਸ਼ੀ ਧੀ ਜੰਮੀ
ਤੋਂ ਵੀ ਪਊਗੀ ਮਨਾਉਣੀ
ਖੁਸ਼ੀਆਂ ਭਰਿਆ ਹੋ ਜਾਵੇਗਾ ਹਰ ਪਲ
ਲੋੜ ਹੈ ਇੱਕ ਸ਼ਮਾਂ ਜਲਾਉਣ ਦੀ
ਜਸਮੀਤ ਜੋ ਹਰ ਹੀਲੇ ਸਾਨੂੰ ਪਊਗੀ ਜਲਾਉਣੀ।
ਜਾਗਰਤਾ ਵਾਲੀ ਸ਼ਮਾਂ ਸਹਾਰੇ
ਕਾਇਨਾਤ ਪਊਗੀ ਰਸ਼ਨਾਉਣੀ।

•

## ਬੰਦੇ

ਇੱਕ ਆਪਣੇ ਪੀਣ ਵਾਲੇ ਪਾਣੀ ਵਿੱਚੋਂ
ਪਾਣੀ ਪਾ ਕੇ ਪਾਲਦਾ ਹੈ, ਇੱਕ ਬਿਨਾਂ
ਮਤਲਬ ਤੋਂ ਹੀ ਬੂਟੇ ਨੂੰ ਜਾਂਦਾ ਪੁੱਟ ਜੀ।
ਇਹ ਹੀ ਫਰਕ ਹੁੰਦਾ ਹੈ ਬੰਦੇ-ਬੰਦੇ ਵਿੱਚ ਜੀ
ਇੱਕ ਨੂੰ ਵੇਖ ਕੇ ਲੋਕੀ ਰਾਹ ਬਦਲ ਲੈਂਦੇ ਨੇ
ਇੱਕ ਕੋਹਾਂ ਦੂਰ ਬੈਠਾ ਵੀ
ਦਿਲ ਵਿੱਚ ਪਾਉਂਦਾ ਹੈ ਖਿੱਚ ਜੀ।
ਇਹ ਹੀ ਫਰਕ ਹੁੰਦਾ ਹੈ ਬੰਦੇ-ਬੰਦੇ ਵਿੱਚ ਜੀ।
ਇੱਕ ਤੋਂ ਦੂਰ ਰਹਿਕੇ ਹੀ ਜੀਣਾ ਚੰਗਾ ਲੱਗਦਾ ਏ
ਇੱਕ ਦੇ ਦੂਰ ਗਏ ਤੋਂ ਪਲ ਵੀ ਲੱਗਦਾ ਨਹੀਂ ਚਿੱਤ ਜੀ।
ਇਹ ਹੀ ਫਰਕ ਹੁੰਦਾ ਹੈ
ਬੰਦੇ-ਬੰਦੇ ਵਿੱਚ ਜੀ।
ਇੱਕ ਸੱਚਾ
ਸਿਰ ਝੁਕਾ ਕੇ ਫੈਸਲਾ ਪ੍ਰਵਾਨਦਾ ਹੈ
ਇੱਕ ਝੂਠਾ
ਹੁੰਦਾ ਹੋਇਆ ਵੀ ਆਉਂਦਾ ਨਹੀਂ ਕਿਸੇ ਦੇ ਮਿੱਤ ਜੀ।
ਇਹ ਹੀ ਫਰਕ ਹੁੰਦਾ ਹੈ ਬੰਦੇ-ਬੰਦੇ ਵਿੱਚ ਜੀ।
ਜਸਮੀਤ ਜੀਅ ਜਾ ਲੱਗਿਆ ਰਹਿੰਦਾ ਏ ਜਹਾਨ ਉੱਤੇ
ਜੇ ਅਣਖੀਲੇ ਅਤੇ ਮਿਲਾਪੜੇ
ਇਨਸਾਨ ਜੰਮਦੇ ਰਹਿਣ ਏਥੇ ਨਿੱਤ ਜੀ
ਬੱਸ ਇਹ ਹੀ ਫਰਕ ਹੁੰਦਾ ਹੈ ਬੰਦੇ-ਬੰਦੇ ਵਿੱਚ ਜੀ।

•

## ਅਸਲੀ ਸੱਚ

ਜਦੋਂ ਜਾਂਦੀ ਵੇਖਦਾ ਹਾਂ ਮੈਂ ਕਿਸੇ ਦੀ ਅਰਥੀ
ਤਾਂ ਵੀ ਮੇਰਾ ਦਿਲ ਡੁਬਦਾ ਏ।
ਜਦੋਂ ਅਗਲੇ ਸਾਲ ਆ ਜਾਂਦੀ ਏ ਕਿਸੇ ਦੀ ਬਰਸੀ
ਤਾਂ ਵੀ ਮੇਰਾ ਦਿਲ ਡੁਬਦਾ ਏ।
ਜਦੋਂ ਵੇਖਦਾ ਹਾਂ ਮੈਂ ਕਿਸੇ ਦੀ ਅੱਖ ਤਰਸੀ
ਤਾਂ ਵੀ ਮੇਰਾ ਦਿਲ ਡੁਬਦਾ ਏ।
ਜਦੋਂ ਕਦੇ ਮੇਰੀ ਜਾਵੇਗੀ ਅਰਥੀ
ਉਦੋਂ ਕਿਸੇ ਦਾ ਕੀ ਹਾਲ ਹੋਵੇਗਾ
ਜਦੋਂ ਹਰ ਸਾਲ ਮੇਰੀ ਆਵੇਗੀ ਬਰਸੀ
ਉਦੋਂ ਕਿਸੇ ਦਾ ਕੀ ਹਾਲ ਹੋਵੇਗਾ
ਜਦੋਂ ਮੇਰੇ ਲਈ ਕਿਸੇ ਦੀ ਅੱਖ ਤਰਸੀ
ਉਦੋਂ ਕਿਸੇ ਦਾ ਕੀ ਹਾਲ ਹੋਵੇਗਾ
ਜੇ ਮੈਂ ਤੇ ਉਹ ਹੁਣੇ ਹੀ ਸਮਝ ਲਈਏ
ਉਦੋਂ ਪਛਤਾਉਣ ਦਾ ਕੀ ਫਾਇਦਾ
ਜਦੋਂ ਪਤਾ ਲੱਗਿਆ ਜਸਮੀਤ ਇਹ ਨਹੀਂ ਸਾਡਾ ਘਰ ਸੀ।
ਫਿਰ ਨਾ ਕਿਸੇ ਦਾ ਦਿਲ ਡੁਬੇਗਾ
ਨਾ ਕਿਸੇ ਦਾ ਬੁਰਾ ਹਾਲ ਹੋਵੇਗਾ।
ਆਪਣੇ ਅਸਲੀ ਟਿਕਾਣੇ ਬਾਰੇ ਜਾਣ ਕੇ ਕਮਾਲ ਹੋਵੇਗਾ।

•

## ਕੋਈ

ਸੰਸਾਰ ਵਿੱਚ ਕੋਈ ਮਾਣ ਰਿਹਾ ਹੈ ਨਜ਼ਾਰੇ
ਜ਼ਿੰਦਗੀ ਦੇ ਅਤੇ ਲੈ ਰਿਹਾ ਹੈ ਲੁਤਫ
ਜਵਾਨੀ ਦਾ ਆਪਣੇ ਹੱਥਾਂ ਨਾਲ
ਫੜ ਕੇ ਖੜ੍ਹਾਉਣਾ ਚਾਹੁੰਦਾ ਹੈ ਸਮਾਂ।
ਵਖਤ ਤਾਂ ਵੀ ਗੁਜ਼ਰ ਰਿਹਾ ਹੈ।
ਕਿਸੇ ਦੇ ਰੋਮ-ਰੋਮ ਵਿੱਚ ਹੋ ਰਿਹਾ ਹੈ ਦਰਦ ਅੰਗ-ਅੰਗ
ਵਿੱਚ ਪੈ ਰਹੀ ਏ ਚੀਸ ਪੀੜਾ ਦੀ ਫਿਰਦਾ ਹੈ
ਕੋਈ ਵਿਚਾਰਾ ਘਿਰਿਆ ਵਿੱਚ ਗਮਾਂ।
ਵਖਤ ਤਾਂ ਵੀ ਗੁਜ਼ਰ ਰਿਹਾ ਏ।
ਕੋਈ ਵਿਹਲਾ ਕੋਈ ਫਸਿਆ ਵਿਚ ਝਮੇਲੇ ਕਿਸੇ ਕੋਲੇ
ਕੰਮ ਨਹੀਂ ਕਿਸੇ ਕੋਲੇ ਪਲ ਨਹੀਂ ਜਸਮੀਤ ਕੋਈ ਗਵਾ ਰਿਹਾ ਹੈ
ਸਵਾਸਾ ਦੀ ਪੂੰਜੀ ਕੋਈ ਕਰ ਰਿਹਾ ਹੈ ਜਮ੍ਹਾ।
ਵਖਤ ਤਾਂ ਵੀ ਗੁਜ਼ਰ ਰਿਹਾ ਹੈ।

•

## ਯੋਗ

ਤੂੰ ਤਾਂ ਛੱਡ ਗਿਆ ਸੀ
ਸਾਨੂੰ ਜੋਗੀ ਬਣਨ ਲਈ ਸੱਜਣਾ
ਕਦੇ ਆ ਕੇ ਵੇਖ ਲੈ ਅਸੀਂ
ਵੀ ਯੋਗ ਕਮਾ ਲਿਆ।
ਪਹਿਲਾ ਕੰਮ ਲਿਆ ਅਸੀਂ ਸਬਰਾਂ ਤੋਂ
ਫਿਰ ਕੰਮ ਲਿਆ ਅਸੀਂ ਸ਼ਰਧਾ ਤੋਂ
ਵੇਖ ਲੈ ਕੀਹਨੂੰ ਪਾਉਣਾ ਸੀ
ਤੇ ਕੀਹਨੂੰ ਪਾ ਲਿਆ
ਕਿਸੇ ਨੂੰ ਘੁੱਟ ਕੇ ਸੀਨੇ ਨਾਲ ਲਾਉਣ ਦੀ
ਆਸ ਵਿੱਚ ਘਰ ਛੱਡਿਆ ਸੀ
ਮੱਥਾ ਕਿਸੇ ਦੇ ਚਰਨਾਂ ਨਾਲ ਵੀ ਲਾ ਲਿਆ।
ਹੁਣ ਸਾਨੂੰ ਅਸਲ ਟਿਕਾਣਾ ਵੀ ਮਿਲ ਗਿਆ ਏ
ਅਸੀਂ ਦੁਨੀਆਦਾਰੀ ਦੇ
ਸਾਰੇ ਝੂਠੇ ਅਡੰਬਰਾਂ ਨੂੰ ਵੀ ਦਿਲੋਂ ਭੁਲਾ ਲਿਆ।
ਉਹਦੇ ਰੰਗ ਬੜੇ ਨਿਆਰੇ ਨੇ ਮੈਂ ਰੰਗ ਕੇ ਤਨ ਉਹਦੇ ਰੰਗ ਵਿੱਚ
ਮਨ ਆਪਣੇ ਨੂੰ ਨਾਮ ਦਾ ਰੰਗ ਵੀ ਚੜ੍ਹਾ ਲਿਆ।
ਉਹਦੇ ਦਰ ਤੋਂ ਕੋਈ ਖਾਲੀ ਨਹੀਂ ਜਾਂਦਾ
ਮੈਂ ਲੋਕਾਂ ਤੋਂ ਸੁਣਿਆ ਹੀ ਸੀ
ਹੁਣ ਕਈ ਵਾਰੀ ਖੁਦ ਵੀ ਅਜ਼ਮਾ ਲਿਆ।
ਸਦਾ ਲਈ ਮੁੱਕ ਜਾਣ ਸਾਡੇ ਝਮੇਲੇ
ਜਸਮੀਤ ਕਰ ਲਏ ਉਹਦੇ ਨਾਲ ਮੇਲੇ
ਹਮੇਸ਼ਾ ਲਈ ਉਹਨੂੰ ਆਪਣਾ ਬਣਾ ਲਿਆ।
ਕਦੇ ਆ ਕੇ ਦੇਖ ਲੈ ਸੱਜਣ ਅਸੀਂ
ਯੋਗ ਕਮਾ ਲਿਆ।

•

## ਗੱਲਾਂ ਵਿੱਚ

ਮੈਂ ਗੱਲਾਂ ਵਿੱਚ ਆ ਜਾਂਦਾ ਹਾਂ
ਤਾਂ ਹੀ ਲੋਕ ਮੈਨੂੰ ਠੱਗ ਲੈਂਦੇ ਨੇ।
ਮੈਂ ਕਈ ਵਾਰੀ ਕੋਸ਼ਿਸ਼ ਵੀ ਕੀਤੀ ਹੈ
ਲੋਕਾਂ ਦੇ ਠੱਗਣ ਵਾਲੇ ਪੁਰਾਣੇ
ਤਰੀਕਿਆਂ ਤੋਂ ਬਚਣ ਦੀ
ਪਰ ਕੀ ਕਰਾਂ ਲੋਕ ਢੰਗ ਨਵੇਂ ਲੱਭ ਲੈਂਦੇ ਨੇ।
ਮੈਂ ਗੱਲਾਂ ਵਿੱਚ ਆ ਜਾਂਦਾ ਹਾਂ
ਤਾਂ ਹੀ ਲੋਕ ਮੈਨੂੰ ਠੱਗ ਲੈਂਦੇ ਨੇ।
ਮੈਨੂੰ ਲੋਕਾਂ ਦੀ ਹਾਲਤ ਤੇ ਆਉਂਦਾ ਤਰਸ ਹੈ
ਲੋਕਾਂ ਨੂੰ ਮੇਰੀ ਆਦਤ ਦੀ ਪੂਰੀ ਪਰਖ ਹੈ
ਮੈਨੂੰ ਭਰਮਾਉਣ ਦੇ ਉਹ ਸਿੱਖ ਨਵੇਂ ਚੱਜ ਲੈਂਦੇ ਨੇ।
ਮੈਂ ਗੱਲਾਂ ਵਿੱਚ ਆ ਜਾਂਦਾ ਹਾਂ
ਤਾਂ ਹੀ ਲੋਕ ਮੈਨੂੰ ਠੱਗ ਲੈਂਦੇ ਨੇ।
ਮੈਂ ਆਪਣੇ ਹਾਲਾਤ ਹੱਥੋਂ ਮਜਬੂਰ ਹਾਂ
ਉਹਨਾਂ ਕੁੱਝ ਲੋਕਾਂ ਵਿੱਚ ਮਸ਼ਹੂਰ ਹਾਂ
ਮੈਨੂੰ ਨਿੱਤ ਨਵੀਂ ਵਗਾਰ ਪਾਉਣ ਲਈ
ਹੋ ਮੇਰੇ ਪਿੱਛੇ ਭੱਜ ਲੈਂਦੇ ਨੇ।
ਮੈਂ ਗੱਲਾਂ ਵਿੱਚ ਆ ਜਾਂਦਾ ਹਾਂ
ਤਾਂ ਹੀ ਲੋਕ ਮੈਨੂੰ ਠੱਗ ਲੈਂਦੇ ਨੇ।
ਇਹ ਗੱਲ ਉਹ ਲੋਕ ਵੀ ਜਾਣਦੇ ਨੇ
ਜਸਮੀਤ ਜਾਣਦਾ ਹੈ ਉਹਨਾਂ ਨੇ ਕਦੇ ਵੀ ਮੋੜਣੇ ਨਹੀਂ
ਰੋਕੜ ਜਿਹੜੇ ਉਹ ਮੈਥੋਂ ਉਧਾਰ ਅੱਜ ਲੈਂਦੇ ਨੇ।
ਮੈਂ ਗੱਲਾਂ ਵਿੱਚ ਆ ਜਾਂਦਾ ਹਾਂ
ਤਾਂ ਹੀ ਲੋਕ ਮੈਨੂੰ ਠੱਗ ਲੈਂਦੇ ਨੇ।

•

## ਕਲਮ ਵਾਲੇ

ਜੇ ਪਿਆਰ ਮਿਲ ਜਾਵੇ ਤਾਂ ਵੀ,
ਲਿਖਦੇ ਨੇ ਕਲਮ ਵਾਲੇ।
ਜੇ ਦੀਦਾਰ ਮਿਲ ਜਾਵੇ ਤਾਂ ਵੀ,
ਲਿਖਦੇ ਨੇ ਕਲਮ ਵਾਲੇ।
ਜੇ ਤਕਰਾਰ ਮਿਲ ਜਾਵੇ ਤਾਂ ਵੀ,
ਲਿਖਦੇ ਨੇ ਕਲਮ ਵਾਲੇ।
ਜੇ ਇਜ਼ਹਾਰ ਮਿਲ ਜਾਵੇ ਤਾਂ ਵੀ,
ਲਿਖਦੇ ਨੇ ਕਲਮ ਵਾਲੇ।
ਜਸਮੀਤ ਇਹ ਦੁਨੀਆਂ ਨੂੰ ਸਦਾ ਚੰਗਾ ਤੇ ਥੋੜ੍ਹਾ,
ਸਿਖਾਉਂਦੇ ਪਰ ਦੁਨੀਆਂ ਤੋਂ,
ਬਹੁਤਾ ਕੁਝ ਸਿਖਦੇ ਨੇ ਕਲਮ ਵਾਲੇ।
ਇਹ ਦੁਨੀਆਂ ਦੇ ਪਿੱਛੇ ਹੀ ਤੁਰਦੇ ਨੇ,
ਪਰ ਅਗਾਂਹਵਧੂ ਸੋਚ ਕਰਕੇ ਹੀ
ਦੁਨੀਆਂ ਤੋਂ ਅੱਗੇ ਜਾਂਦੇ
ਦਿਸਦੇ ਨੇ ਕਲਮ ਵਾਲੇ।

•

## ਤੈਥੋਂ ਜੁਦਾ ਹੋ ਕੇ

ਤੈਥੋਂ ਜੁਦਾ ਹੋ ਕੇ ਝੜ੍ਹ ਨਾ ਜਾਈਏ
ਜਿਵੇਂ ਟਾਹਣੀ ਨਾਲੋਂ ਝੜ੍ਹਦੇ ਨੇ
ਪੱਤੇ ਆ ਕੇ ਵਿੱਚ ਪਤਝੜ ਦੇ।
ਪਰ ਹੁਣ ਤੈਥੋਂ ਵੱਖ ਹੋਣੇ
ਤਾਂ ਨਹੀਂ ਚਾਹੀਦੇ ਜਦੋਂ ਸਾਰੀ
ਜ਼ਿੰਦਗੀ ਹੀ ਇਲਮ
ਨਾਮ ਤੇਰੇ ਦਾ ਰਹੇ ਹਾਂ ਪੜ੍ਹਦੇ।
ਪਰ ਤਾਂ ਵੀ ਡਰ
ਲੱਗਦਾ ਕਿਤੇ ਹਾਣੀ
ਨਾ ਬਣ ਜਾਈਏ
ਟੁੱਟੇ ਪੱਤਿਆਂ ਦੀ ਹੋਣ ਵਾਲੀ ਖੜ੍ਹ-ਖੜ੍ਹ ਦੇ।
ਜਸਮੀਤ ਇੱਕ ਗੱਲ ਸੋਚ ਕੇ ਦਿਲ ਨੂੰ
ਦਿਲਾਸਾ ਦੇ ਲੈਂਦਾ ਏ
ਕਿ ਜੋ ਅੜ੍ਹਦੇ ਨੇ
ਉਹ ਹੀ ਹੁੰਦੇ ਨੇ ਝੜਦੇ।

•

## ਬੇਜ਼ਮੀਨਾ ਜੱਟ

ਕਰਨੀ ਹੈ ਤਰੱਕੀ ਦੇਸ਼
ਦੀ ਜੇ ਕਹਿੰਦੇ ਕਰ ਦਿਉ
ਉਹਨਾਂ ਜ਼ਮੀਨਾਂ ਤੋਂ ਜੱਟ ਨੂੰ ਬੇਜ਼ਮੀਨਾ।
ਇਸ ਮੁਲਕ ਦਾ ਢਿੱਡ ਭਰਨ ਲਈ ਖੁਦ ਭੁੱਖਾ ਰਹਿ ਕੇ
ਜਿਹਨਾਂ ਜ਼ਮੀਨਾਂ ਵਿੱਚ ਵਹਾਇਆ ਸੀ ਪਸੀਨਾ।
ਪਰ ਜੇ ਦਿਲ ਹੀ ਨਾ ਰਿਹਾ ਭਲਾ
ਬਿਨਾਂ ਦਿਲ ਤੋਂ ਕਿਵੇਂ ਧੜਕੇਗਾ ਉਸਦਾ ਸੀਨਾ।
ਜਸਮੀਤ ਵੱਡੀਆਂ ਅਕਲਾਂ ਵਾਲੇ
ਇਹ ਨਹੀਂ ਜਾਣਦੇ
ਬੜਾ ਔਖਾ ਹੁੰਦਾ ਏ ਢਿੱਡੋਂ
ਭੁੱਖਾ ਰਹਿ ਕੇ ਜੀਣਾ।

•

## ਰੰਗ

ਜਦੋਂ ਚੜ੍ਹ ਜਾਂਦੇ ਨੇ ਕਿਸੇ ਨੂੰ ਰੰਗ ਸੂਹੇ
ਉਦੋਂ ਉਹਦੀਆਂ ਬਾਤਾਂ ਵੀ ਹੋਰ ਹੁੰਦੀਆਂ ਨੇ
ਅਤੇ ਝਾਤਾਂ ਵੀ ਹੋਰ ਹੁੰਦੀਆਂ ਨੇ।
ਚੰਨ, ਸੂਰਜ ਤੇ ਤਾਰੇ ਭਾਵੇਂ ਉਹ ਹੀ ਹੁੰਦੇ ਨੇ
ਪਰ ਆਸ਼ਕਾਂ ਦੀਆਂ ਰਾਤਾਂ ਵੀ ਹੋਰ ਹੁੰਦੀਆਂ ਨੇ
ਅਤੇ ਪ੍ਰਭਾਤਾਂ ਵੀ ਹੋਰ ਹੁੰਦੀਆਂ ਨੇ।
ਜਦ ਦੀਦ ਹੋਵੇ ਸੱਜਣਾ ਦਾ
ਸੀਨੇ ਵਿੱਚ ਦਿਲ ਨੱਚਦਾ ਏ
ਜਸਮੀਤ ਆਸ਼ਕਾਂ ਦੀਆਂ
ਮੁਲਾਕਾਤਾਂ ਵੀ ਹੋਰ ਹੁੰਦੀਆਂ ਨੇ ਅਤੇ
ਸੌਗਾਤਾਂ ਵੀ ਹੋਰ ਹੁੰਦੀਆਂ ਨੇ।

•

## ਫੁੱਲ

ਫੁੱਲ ਤਾਂ ਲੱਖਾਂ ਖਿੜਦੇ ਨੇ ਬਾਗਾਂ ਵਿੱਚ
ਉਹਨਾਂ ਵਿੱਚੋਂ ਕੁਝ ਹੀ ਮਹਿਕਾਂ ਖਿਲਾਰਦੇ ਫੁੱਲਾਂ ਵਿੱਚ
ਇੱਕ ਫੁੱਲ ਸਭ ਤੋਂ ਸੋਹਣਾ
ਮੁਰੀਦ ਹੋ ਗਏ ਅਸੀਂ ਉਹਦੇ ਭਾਰ ਦੇ
ਉਹਦੇ ਉੱਤੇ ਦਿਲ ਆਇਆ ਸਾਡਾ
ਅਸੀਂ ਨਾ ਰਹੇ ਆਰ ਨਾ ਰਹੇ ਪਾਰ ਦੇ।
ਚਿੱਤ ਕਰਦਾ ਏ
ਉਹ ਸੂਹਾ ਫੁੱਲ ਇੱਕ ਦਿਨ ਸਾਡੇ ਉੱਤੋਂ
ਆਪਣੀ ਸਾਰੀ ਖ਼ੁਸ਼ਬੋ ਵਾਰਦੇ।
ਚਿਰਾਂ ਤੋਂ ਜੁੜੇ ਹੋਏ ਨੇ ਨਾਤੇ ਨਾਲ ਉਹਦੇ
ਦਿਲ ਸਾਡੇ ਵਾਲੀ ਤਾਰ ਦੇ।
ਉਹ ਹੀ ਫੁੱਲ ਸੋਂਹਦਾ ਉਹ ਹੀ ਟੋਂਹਦਾ
ਦਿਲ ਸਾਡੇ ਨੂੰ ਵਿੱਚ ਕੁੱਲ ਸੰਸਾਰ ਦੇ।
ਜਸਮੀਤ ਸੋਹਣਾ ਤਾਂ ਕਰਕੇ ਫੁੱਲ ਵਿੱਚ
ਭਰੇ ਹੋਏ ਨੇ ਗੁਣ ਸਾਰੇ ਮੇਰੇ ਯਾਰ ਦੇ।

•

## ਕਦੋਂ ਦਾ

ਭੁੱਲਣ ਨੂੰ ਤਾਂ ਕੀ ਸੀ ਤੈਨੂੰ ਕਦੋਂ ਦਾ ਭੁੱਲ ਜਾਂਦਾ
ਪਰ ਯਾਦਾਂ ਤੇਰੀਆਂ ਨੂੰ ਭਲਾਉਣ ਨਹੀਂ
ਦਿੰਦੀਆਂ ਤੇਰੀਆਂ ਨਿਸ਼ਾਨੀਆਂ।
ਭੁੱਲਣ ਨੂੰ ਤਾਂ ਕੀ ਸੀ ਤੈਨੂੰ ਕਦੋਂ ਦਾ ਭੁੱਲ ਜਾਂਦਾ
ਜੇ ਸਾਡੀਆਂ ਉਦੋਂ ਨਾ ਲੱਗੀਆਂ ਹੁੰਦੀਆਂ
ਜਦੋਂ ਚੜ੍ਹਦੀਆਂ ਸੀ ਜਵਾਨੀਆਂ।
ਭੁੱਲਣ ਨੂੰ ਤਾਂ ਕੀ ਸੀ ਤੈਨੂੰ ਕਦੋਂ ਦਾ ਭੁੱਲ ਜਾਂਦਾ
ਜੇ ਤੇਰੀ ਤਸਵੀਰ ਵਿੱਚੋਂ ਸਾਨੂੰ ਤੱਕਦੀਆਂ
ਨਾ ਹੁੰਦੀਆਂ ਅੱਖਾਂ ਮਸਤਾਨੀਆਂ।
ਭੁੱਲਣ ਨੂੰ ਤਾਂ ਕੀ ਸੀ ਤੈਨੂੰ ਕਦੋਂ ਦਾ ਭੁੱਲ ਜਾਂਦਾ।
ਤੈਨੂੰ ਆਪਣੀ ਬਣਾਕੇ ਜਸਮੀਤ ਭੁੱਲਿਆਂ ਤਾਂ
ਹੋਣਗੀਆਂ ਜੱਗ ਵਿੱਚ ਹਾਨੀਆਂ।
ਭੁੱਲਣ ਨੂੰ ਤਾਂ ਕੀ ਸੀ ਤੈਨੂੰ ਕਦੋਂ ਦਾ ਭੁੱਲ ਜਾਂਦਾ।

•

## ਦੁਨੀਆਂ

ਸਾਨੂੰ ਦੁਨੀਆਂ ਰੰਗ-ਬਰੰਗੀ ਲੱਗਦੀ ਏ
ਜਦੋਂ ਨੈਣਾਂ ਨੂੰ ਤੂੰ ਦਿਸਦਾਂ ਏ ਸੱਜਣਾ
ਉਦੋਂ ਬੇਰੰਗ ਹੋ ਜਾਂਦੀ ਏ ਦੁਨੀਆਂ
ਜਦੋਂ ਹੋ ਜਾਵੇ ਤੂੰ ਅੱਖੀਓ ਓਹਲੇ।
ਤੈਥੋਂ ਦੂਰ ਹੋ ਕੇ ਚੂਰੋ-ਚੂਰ ਹੋ ਕੇ ਮਿਲਦੇ
ਸਾਨੂੰ ਦੁੱਖ ਤੈਨੂੰ ਮਿਲਕੇ ਮਿਲਦਾ
ਸੁੱਖ ਹੋਰ ਕਿਸੇ ਨਾਲ
ਜਾ ਸਕਦੇ ਨਹੀਂ ਦੁੱਖ ਦਿਲ ਵਾਲੇ ਫਰੋਲੇ।
ਤੇਰੀਆਂ ਜੁਦਾਈਆਂ ਵਿੱਚ ਪਲ ਵੀ ਲੱਗਦਾ ਨਹੀਂ ਸਾਡਾ ਚਿੱਤ
ਛੇਤੀ ਕਰ ਲੈ ਨਾਲ ਸਾਡੇ ਮੇਲੇ
ਛੱਡ ਦੁਨੀਆਦਾਰੀ ਦੇ ਝਗੜੇ-ਝਮੇਲੇ ਆ ਜਾ ਸਾਡੇ ਸਾਹਾਂ ਤੋਂ ਕੋਲੇ।
ਸਾਡੇ ਦਰ ਤੱਕ ਤੇਰੇ ਆਉਣ ਵਾਲੇ ਸਾਰੇ ਰਾਹ ਰੁਸ਼ਨਾ ਦਿਆਂਗੇ
ਤੇਰੇ ਮਖਮਲੀ ਪੈਰਾਂ ਥੱਲੇ ਜਸਮੀਤ ਤਲੀਆਂ ਵਿਛਾ ਦੇਵੇਗਾ
ਜਿਹਨਾਂ ਤੇ ਧਰੇਂਗਾ ਤੂੰ ਪੈਰ ਪੋਲੇ-ਪੋਲੇ।

•

## ਮੋਹ ਆਵੇ

ਕਿਵੇਂ ਦੱਸਾਂ ਸਾਨੂੰ ਸੰਗ ਵੀ ਲੱਗਦੀ ਤੇਰੇ ਨਾਲ ਜੁੜੀ
ਹਰ ਚੀਜ਼ ਦਾ ਸੱਜਣਾ ਹੁਣ ਤਾਂ ਮੋਹ ਆਵੇ।
ਜਦੋਂ ਹੁੰਦੇ ਨੇ ਦਰਸ਼ਨ ਤੇਰੇ ਦਿਲ ਨੂੰ ਸਕੂਨ ਮਿਲਦਾ
ਤੇਰੀਆਂ ਜੁਦਾਈਆਂ ਵਿੱਚ ਨੈਣੋਂ ਨੀਰ ਚੋ ਆਵੇ।
ਤੇਰੇ ਨਾਲ ਜੁੜੀ ਹਰ ਚੀਜ਼ ਦਾ ਸੱਜਣਾ ਹੁਣ ਤਾਂ ਮੋਹ ਆਵੇ।
ਸਾਨੂੰ ਸਾਡੇ ਰਾਹ ਵਿਖਾਉਣ ਲਈ ਦਿੰਨਾ ਏਂ ਚਾਨਣੀ
ਤੂੰ ਨਿੱਘ ਦੇਣ ਲਈ ਤੇਰੀ ਸਾਡੇ ਕੋਲ ਲੋ ਆਵੇ।
ਤੇਰੇ ਨਾਲ ਜੁੜੀ ਹਰ ਚੀਜ਼ ਦਾ ਸੱਜਣਾ ਹੁਣ ਤਾਂ ਮੋਹ ਆਵੇ
ਇੱਕ ਵਾਰੀ ਛੋਹਿਆ ਸੀ ਤੂੰ ਮੈਨੂੰ ਬੜਾ ਹੀ ਅਨੰਦ ਆਉਂਦਾ
ਜਦੋਂ ਚੇਤੇ ਸਾਨੂੰ ਤੇਰੀ ਛੋਹ ਆਵੇ
ਤੇਰੇ ਨਾਲ ਜੁੜੀ ਹਰ ਚੀਜ਼ ਦਾ ਸੱਜਣਾ ਹੁਣ ਤਾਂ ਮੋਹ ਆਵੇ
ਖੋਹ ਕੇ ਨਾ ਲੈ ਜਾਵੇਂ ਕਿਤੇ ਕੋਈ ਦਿਲ ਸੀਨੇ ਵਿੱਚ ਨਿੱਤ ਇੱਕ ਤੇਰੀ ਯਾਦ
ਨਿਸ਼ਾਨੀ ਲੁਕੋ ਆਵੇ
ਤੇਰੇ ਨਾਲ ਜੁੜੀ ਹਰ ਚੀਜ਼ ਦਾ ਸੱਜਣਾ ਹੁਣ ਤਾਂ ਮੋਹ ਆਵੇ
ਥੋੜੀਆਂ ਦੂਰੀਆਂ ਹੀ ਤੇਰੀਆਂ ਝੱਲਣੀਆਂ ਔਖੀਆਂ ਨੇ ਲੰਬੀਆਂ ਦੂਰੀਆਂ ਪੈਣ
ਰੱਬ ਕਰਕੇ ਦਿਨ ਨਾ ਉਹ ਆਵੇ
ਤੇਰੇ ਨਾਲ ਜੁੜੀ ਹਰ ਚੀਜ਼ ਦਾ ਸੱਜਣਾ ਹੁਣ ਤਾਂ ਮੋਹ ਆਵੇ
ਭੁੱਲ ਕੇ ਦੁਨੀਆਂਦਾਰੀ ਜਸਮੀਤ ਹਰ ਪਲ ਹੀ ਤੈਨੂੰ ਯਾਦ ਕਰਦਾ ਏ
ਹਾਂ ਦਿਲ ਨੂੰ ਤੇਰਾ ਐਨਾ ਪਿਆਰ ਜੋ ਆਵੇ
ਤੇਰੇ ਨਾਲ ਜੁੜੀ ਹਰ ਚੀਜ਼ ਦਾ ਸੱਜਣਾ ਹੁਣ ਤਾਂ ਮੋਹ ਆਵੇ

•

## ਖਬਰਾਂ

ਕਿੱਥੇ ਕੱਟਦੇ ਹਾਂ ਦਿਨ
ਕਿੱਤੇ ਕੱਟਦੇ ਹਾਂ ਰਾਤਾਂ ਨੀ
ਕਦੇ ਤਾਂ ਲੈ-ਲੈ ਖਬਰਾਂ ਤੂੰ
ਤੈਨੂੰ ਐਨਾ ਚਾਹੁੰਣ ਵਾਲੇ ਦੀਆਂ।
ਕਿੱਥੇ ਹੁੰਦੀਆਂ ਨੇ ਸ਼ਾਮਾਂ
ਕਿੱਥੇ ਹੁੰਦੀਆਂ ਨੇ ਪ੍ਰਭਾਤਾਂ ਨੀ
ਕਦੇ ਤਾਂ ਲੈ-ਲੈ ਖਬਰਾਂ ਤੂੰ
ਤੈਨੂੰ ਐਨਾ ਚਾਹੁਣ ਵਾਲੇ ਦੀਆਂ।
ਕਿੰਨੇ ਹੰਝੂ ਵਹਾਉਣੇ ਆਂ
ਜਿੱਥੇ ਹੁੰਦੀਆਂ ਸੀ ਮੁਲਾਕਾਤਾਂ ਨੀ
ਕਦੇ ਤਾਂ ਲੈ ਲੈ ਖਬਰਾਂ ਤੂੰ
ਤੈਨੂੰ ਐਨਾ ਚਾਹੁਣ ਵਾਲੇ ਦੀਆਂ।
ਕਿੰਨੀਆਂ ਚੰਨ ਤਾਰਿਆਂ ਨਾਲ
ਪਾਉਣੇ ਆ ਬਾਤਾਂ ਨੀ
ਕਦੇ ਤਾਂ ਲੈ-ਲੈ ਖਬਰਾਂ ਤੂੰ
ਤੈਨੂੰ ਐਨਾ ਚਾਹੁੰਣ ਵਾਲੇ ਦੀਆਂ।
ਕਿੰਨਾ ਰਵਾਇਆ ਸਾਨੂੰ ਸਾਡੇ ਜਜ਼ਬਾਤਾਂ ਨੀ
ਕਦੇ ਤਾਂ ਲੈ-ਲੈ ਖਬਰਾਂ ਤੂੰ
ਤੈਨੂੰ ਐਨਾ ਚਾਹੁਣ ਵਾਲੇ ਦੀਆਂ।
ਕਿੱਥੇ ਸਾਂਭੀ ਬੈਠਾ ਜਸਮੀਤ ਤੇਰੀਆਂ ਸੌਗਾਤਾਂ ਨੀ
ਕਦੇ ਤਾਂ ਲੈ-ਲੈ ਖਬਰਾਂ ਤੂੰ
ਤੈਨੂੰ ਐਨਾ ਚਾਹੁਣ ਵਾਲੇ ਦੀਆਂ।

•

## ਜਿੱਤ

ਅੱਜ ਸਾਨੂੰ ਸਾਡੀ ਹਰ ਪਾਸੇ
ਵੱਡੀ ਜਿੱਤ ਹੋਈ ਲੱਗਦੀ ਏ
ਤੈਥੋਂ ਹਾਰ ਕੇ ਸੱਜਣਾ।
ਸਾਨੂੰ ਬੜਾ ਨਫਾ ਹੋਇਆ ਲੱਗਦਾ ਏ
ਸਮਾਂ ਕੀਮਤੀ ਤੇਰੀਆਂ ਰਾਵਾਂ
ਵਿੱਚ ਗੁਜ਼ਾਰ ਕੇ ਸੱਜਣਾ।
ਕੋਈ ਬਹੁਤਾ ਮਹਿੰਗਾ ਨਹੀਂ ਸੀ
ਜੇ ਮਿਲ ਜਾਂਦਾ ਤੂੰ ਸਾਨੂੰ
ਜਿੰਦ ਸਾਡੀ ਵਾਰ ਕੇ ਸੱਜਣਾ।
ਤਾਹੀਂ ਤਾਂ ਖੜ੍ਹਦੇ ਸੀ
ਰਾਵਾਂ ਤੇਰੀਆਂ ਵਿੱਚ ਅਸੀਂ
ਤਨ-ਮਨ ਆਪਣਾ ਸ਼ਿੰਗਾਰ ਕੇ ਸੱਜਣਾ।
ਤਕੜਾ ਜੇਰਾ ਕਰਕੇ ਉੱਤਰਨਾ ਪੈਂਦਾ ਏ
ਏਸ ਮੈਦਾਨ ਵਿੱਚ ਮਨ ਪਹਿਲਾਂ ਆਪਣਾ
ਮਾਰ ਕੇ ਸੱਜਣਾ।
ਪਰ ਕੋਈ ਗਮ ਨਹੀ ਹੋਇਆ
ਸਾਨੂੰ ਚਾਅ ਕੱਲਾ-ਕੱਲਾ ਰਾਵਾਂ
ਤੇਰਿਆਂ ਵਿੱਚ ਖਿਲਾਰ ਕੇ ਸੱਜਣਾ।
ਜਸਮੀਤ ਤਾਂ ਹੁਣ ਵੀ ਕੱਟ ਲਊਗਾ
ਰਹਿੰਦੇ ਦਿਨ ਸੱਚੇ ਆਸ਼ਕ
ਵਾਂਗੂੰ ਚੁੱਪ ਧਾਰ ਕੇ ਸੱਜਣਾ।

•

## ਰਾਜ਼

ਕੀ ਪਤਾ ਕੀ ਰਾਜ਼ ਹੋਵੇਗਾ ਸਾਡੇ
ਸੱਜਣਾ ਦੀ ਚੁੱਪ ਵਿੱਚ ਯਾਰੋ
ਤਾਂ ਹੀ ਤਾਂ ਅਸੀਂ ਉਹਨਾਂ ਨੂੰ
ਹੁਣ ਦੁਨੀਆਂ ਸਾਹਮਣੇ ਬੁਲਾਉਂਦੇ ਨਹੀਂ।
ਅਸੀਂ ਸੀਨੇ ਉੱਤੇ ਚੋਟਾਂ ਸਹਿ ਕੇ ਵੀ
ਲੱਗੀਆਂ ਦੇ ਪਰਦੇ ਕੱਜ ਲਾਂਗੇ
ਪਰ ਖਬਰਾਂ ਨਾ ਸੁਨਣ ਸਾਨੂੰ
ਹੁਣ ਸਾਡੇ ਸੱਜਣ ਸਾਨੂੰ ਚਾਹੁੰਦੇ ਨਹੀਂ।
ਕਿਤੇ ਪਰਦੇ ਨਾ ਚੱਕੇ ਜਾਣ
ਲੱਗੀਆਂ ਤੋਂ ਗੱਲਾਂ ਇਸ਼ਕ ਦੀਆਂ ਕੱਜੀਆਂ
ਤੋਂ ਤਾਂ ਹੀ ਅਸੀਂ ਸੱਜਣਾ ਦੇ
ਨਸ਼ੀਲੇ ਨੈਣਾਂ ਅੱਗੇ ਹੁਣ ਆਉਂਦੇ ਨਹੀਂ।
ਇਹ ਰਾਜ਼ ਜਸਮੀਤ ਚਾਹੁਣ
ਦਾ ਹੋਵੇ ਜਾਂ ਭੁਲਾਉਣ ਦਾ ਹੋਵੇ
ਪਰ ਅਸੀਂ ਯਾਦਾਂ ਜਾਨੋਂ ਵੱਧ ਪਿਆਰੇ ਸੱਜਣਾ
ਦੀਆਂ ਕਦੇ ਭੁਲਾਉਂਦੇ ਨਹੀਂ।

•

## ਲੋਕ

ਸਾਡੀ ਜ਼ਿੰਦਗੀ ਵਿੱਚੋਂ ਕਈ ਲੋਕ ਗਏ,
ਤੇ ਕਈ ਲੋਕ ਜ਼ਿੰਦਗੀ ਵਿੱਚ ਆਏ,
ਕਈਆਂ ਨੇ ਅਸੀਂ ਆ ਕੇ ਰਵਾਏ।
ਕਈਆਂ ਨੇ ਅਸੀਂ ਜਾ ਕੇ ਰਵਾਏ।
ਕਈਆਂ ਨੇ ਸਾਡੀ ਜ਼ਿੰਦਗੀ ਵਿੱਚ
ਆਪਣੇ ਹਿੱਸੇ ਦੇ ਹਾਸੇ ਵੀ ਮਿਲਾਏ।
ਭੁੱਲਦੇ ਨਹੀਂ ਬੋਲ ਮਿੱਠੜੇ ਜਿਨ੍ਹਾਂ ਨੇ
ਆਪਣੀਆਂ ਬੁੱਲੀਆਂ ਦੇ ਸਾਨੂੰ ਸੁਣਾਏ।
ਅੱਜ ਵੀ ਚੇਤੇ ਆਉਂਦੇ ਨੇ ਨੈਣਾਂ ਵਿੱਚੋਂ
ਬੁੱਕ ਸ਼ਰਬਤ ਦੇ ਪਿਲਾਏ।
ਧੰਨਵਾਦ ਉਹਨਾਂ ਲੋਕਾਂ ਦਾ ਜਿਨ੍ਹਾਂ ਨੇ
ਸਾਨੂੰ ਆਪਣੇ ਸਾਰੇ ਗੁਣ ਸਿਖਾਏ।
ਅੱਜ ਤੱਕ ਵੀ ਉਹ ਸਾਰੇ
ਲੋਕੀ ਗਏ ਨਹੀਂ ਮੈਥੋਂ ਭੁਲਾਏ।
ਤਾਹੀਉਂ ਤਾਂ ਗਏ ਉਹ ਲੋਕ ਸਾਥੋਂ
ਆਪਣਿਆਂ ਸਾਹਾਂ ਵਿੱਚ ਵਸਾਏ।
ਚਿੱਤ ਕਰਦਾ ਏ ਮਿਲਣ ਲਈ
ਖਿਆਲਾਂ ਨੇ ਐਸੇ ਘੇਰੇ ਪਾਏ।
ਜਸਮੀਤ ਯਾਦ ਉਹ ਵੀ ਕਰਦੇ
ਨੇ ਭਾਵੇਂ ਹੋ ਗਏ ਨੇ ਪਰਾਏ।

•

## ਯਾਦ ਤੇਰੀ

ਜਦੋਂ ਕਦੇ ਵੀ ਟਿਕੀ ਰਾਤ ਵਿੱਚ
ਯਾਦ ਤੇਰੀ ਆਉਂਦੀ ਏ ਸੱਜਣਾ।
ਸਾਡੀ ਹਿੱਕ ਵਿੱਚੋਂ ਹੌਕੇ ਤੇ ਨੈਣਾਂ
ਵਿੱਚੋਂ ਹੰਝੂ ਵਰਸਾਉਂਦੀ ਏ ਸੱਜਣਾ।
ਯਾਦ ਤੇਰੀ ਸਾਡੇ ਸਾਹ ਦੇ ਹਰ ਖੇੜੇ
ਨਾਲ ਸਾਨੂੰ ਮਾਰ ਮੁਕਾਉਂਦੀ ਏ ਸੱਜਣਾ।
ਦੱਸ ਭਲਾ ਯਾਦ ਤੇਰੀ ਸਾਡੇ ਉੱਤੇ ਐਡਾ
ਵੱਡਾ ਕਹਿਰ ਕਿਉਂ ਕਮਾਉਂਦੀ ਏ ਸੱਜਣਾ।
ਜੇ ਅਸੀਂ ਦੇ ਨਹੀਂ ਸਕਦੇ ਸਜ਼ਾ ਤਾਂ ਯਾਦ
ਰੂਹ ਸਾਡੀ ਕਿਉਂ ਤੜਫਾਉਂਦੀ ਏ ਸੱਜਣਾ।
ਪਿਆਰਾਂ ਤੇ ਖਾਰਾਂ ਖਾਣ ਵਾਲੇ ਲੋਕਾਂ ਨੂੰ ਹਾਲ
ਸਾਡੇ ਤੇ ਯਾਦ ਤੇਰੀ ਨਿੱਤ ਹਸਾਉਂਦੀ ਏ ਸੱਜਣਾ।
ਕਿੰਨੇ ਵਾਰੀ ਤਾਂ ਪਰਖ ਲਿਆ ਹੁਣ ਦੱਸ ਕਾਹਤੋਂ
ਯਾਦ ਤੇਰੀ ਸਬਰ ਸਾਡੇ ਨੂੰ ਅਜ਼ਮਾਉਂਦੀ ਏ ਸੱਜਣਾ।
ਜਸਮੀਤ ਕੀ ਦੱਸੇ ਤੈਨੂੰ ਯਾਦ ਤੇਰੀ ਦਿਲ ਵਿੱਚ ਸੁੱਤੇ
ਪਏ ਇਸ਼ਕ ਨੂੰ ਕਿਵੇਂ ਹਲੂਣ ਕੇ ਜਗਾਉਂਦੀ ਏ ਸੱਜਣਾ।

•

## ਇੱਕ ਚੀਜ਼

ਇੱਕ ਚੀਜ਼ ਹੈ ਤੇਰੇ ਵਿੱਚ ਜੋ ਮੈਥੋਂ ਤੈਨੂੰ
ਵੱਖ ਹੋਣ ਨਹੀਂ ਦਿੰਦੀ।
ਇੱਕ ਚੀਜ਼ ਹੈ ਤੇਰੇ ਵਿੱਚ ਜੋ ਤੈਨੂੰ ਲੱਖੋਂ
ਕੱਖ ਹੋਣ ਨਹੀਂ ਦਿੰਦੀ।
ਇੱਕ ਚੀਜ਼ ਹੈ ਤੇਰੇ ਵਿੱਚ ਜੋ ਨੈਣਾਂ ਅੱਗੇ ਹੋਰ
ਅੱਖ ਹੋਣ ਨਹੀਂ ਦਿੰਦੀ।
ਇੱਕ ਚੀਜ਼ ਹੈ ਤੇਰੇ ਵਿੱਚ ਜੋ ਭਾਰੂ ਹੋਰ
ਪੱਖ ਹੋਣ ਨਹੀਂ ਦਿੰਦੀ।
ਇੱਕ ਚੀਜ਼ ਹੈ ਤੇਰੇ ਵਿੱਚ ਜੋ ਵਿਸ਼ਵਾਸ ਨੂੰ
ਸ਼ੱਕ ਹੋਣ ਨਹੀਂ ਦਿੰਦੀ।
ਇੱਕ ਚੀਜ਼ ਹੈ ਤੇਰੇ ਵਿੱਚ ਜੋ ਸਬਰਾਂ ਨੂੰ
ਅੱਤ ਹੋਣ ਨਹੀਂ ਦਿੰਦੀ।
ਇੱਕ ਚੀਜ਼ ਹੈ ਤੇਰੇ ਵਿੱਚ ਜੋ ਫੈਸਲੇ ਨੂੰ
ਜੇ ਜੱਕ ਹੋਣ ਨਹੀਂ ਦਿੰਦੀ।
ਇੱਕ ਚੀਜ਼ ਹੈ ਤੇਰੇ ਵਿੱਚ ਜੋ ਜਸਮੀਤ ਦਾ
ਹੱਕ ਖੋਹਣ ਨਹੀਂ ਦਿੰਦੀ।
ਇੱਕ ਚੀਜ਼ ਹੈ ਤੇਰੇ ਵਿੱਚ ਜੋ ਛੋਟੀ ਤੇਰੀ
ਮੱਤ ਹੋਣ ਨਹੀਂ ਦਿੰਦੀ।

•

# ਪੱਲੇ

ਅਸੀਂ ਉਹਨਾਂ ਨੂੰ ਮਾੜਾ ਵੀ ਨਹੀਂ ਕਹਿ ਸਕਦੇ
ਜਿਨ੍ਹਾਂ ਨੇ ਸਾਡੇ ਪੱਲੇ ਛੱਡਿਆ ਕੱਖ ਵੀ ਨਹੀਂ।
ਅਸੀਂ ਉਹਨਾਂ ਨੂੰ ਮਾੜਾ ਵੀ ਨਹੀਂ ਕਹਿ ਸਕਦੇ
ਜਿਨ੍ਹਾਂ ਨੂੰ ਅਸੀਂ ਸਕਦੇ ਹੁਣ ਤੱਕ ਵੀ ਨਹੀਂ।
ਅਸੀਂ ਉਹਨਾਂ ਨੂੰ ਮਾੜਾ ਵੀ ਨਹੀਂ ਕਹਿ ਸਕਦੇ
ਉਹ ਆਪਣੇ ਸੀ ਤਾਹੀਂ ਕਰਨਾ ਸ਼ੱਕ ਵੀ ਨਹੀਂ।
ਅਸੀਂ ਉਹਨਾਂ ਨੂੰ ਮਾੜਾ ਵੀ ਨਹੀਂ ਕਹਿ ਸਕਦੇ
ਜਿਹੜੇ ਸਾਡੇ ਕੋਲ ਵੀ ਨਹੀਂ ਸਾਥੋਂ ਵੱਖ ਵੀ ਨਹੀਂ।
ਅਸੀਂ ਉਹਨਾਂ ਨੂੰ ਮਾੜਾ ਵੀ ਨਹੀਂ ਕਹਿ ਸਕਦੇ
ਜਿਹੜੇ ਵੇਖਦੇ ਹੁਣ ਚੱਕ ਕੇ ਅੱਖ ਵੀ ਨਹੀਂ।
ਅਸੀਂ ਉਹਨਾਂ ਨੂੰ ਮਾੜਾ ਵੀ ਨਹੀਂ ਕਹਿ ਸਕਦੇ
ਹੁਣ ਜਸਮੀਤ ਦਾ ਉਹਨਾਂ ਉੱਤੇ ਕੋਈ ਹੱਕ ਵੀ ਨਹੀਂ
ਅਸੀਂ ਉਹਨਾਂ ਨੂੰ ਮਾੜਾ ਵੀ ਨਹੀਂ ਕਹਿ ਸਕਦੇ।

•

## ਆਸ

ਦਿਲ ਵਿੱਚ ਲੈ ਕੇ ਆਸ ਰਾਤਾਂ ਨੂੰ
ਕਰਵਟਾਂ ਬਦਲਕੇ ਮਸਾਂ ਚੜ੍ਹਾਈਏ
ਦਿਨ ਕਿ ਵੇਖਾਂਗੇ ਤੇਰਾ ਮੁੱਖ ਸੱਜਣਾ।
ਸਾਰਾ ਦਿਨ ਜਦੋਂ ਹੁੰਦੀ ਨਹੀਂ ਦੀਦ
ਤੇਰੀ ਮਿਲ ਜਾਂਦਾ ਏ ਫਿਰ
ਇੱਕ ਹੋਰ ਵੱਡਾ ਦੁੱਖ ਸੱਜਣਾ।
ਜਦੋਂ ਰਾਤਾਂ ਨੂੰ ਅਸਮਾਨ ਵਿੱਚੋਂ ਲੱਭੀਏ
ਚਿਹਰਾ ਤੇਰਾ ਚੰਨ ਵੱਲ ਵੇਖ ਕੇ ਲਹਿੰਦੀ
ਨਹੀਂ ਸਾਡੀ ਭੁੱਖ ਸੱਜਣਾ।
ਛੱਡ ਦਿੱਤੀਆਂ ਸਾਰੀਆਂ ਡੋਰਾਂ ਹੁਣ ਸਿਖਰਾਂ
ਤੇ ਹੈ ਗੁੱਡੀ ਇਸ਼ਕੇ ਦੀ ਚੜ੍ਹਾਉਂਦੇ
ਜਾਈਏ ਨਾ ਸੁੱਕ ਸੱਜਣਾ।
ਅਸੀਂ ਵੀ ਉਹਨਾਂ ਵਾਂਗੂੰ ਖ਼ੁਸ਼ ਹੋ ਲਈਏ
ਉਡੀਕਾਂ ਵਾਲੀ ਘੜੀ ਜਾਂਦੀ ਏ
ਜਿਨ੍ਹਾਂ ਦੀ ਮੁੱਕ ਸੱਜਣਾ।
ਜਸਮੀਤ ਨੇ ਬਿਨਾਂ ਝਿਜਕ ਦੇ ਦਿਲ ਦੀ ਕਹਿ ਦਿੱਤੀ
ਦਿਲ ਵਾਲੀ ਗੱਲ ਕਰਦਾ-ਕਰਦਾ
ਜਾਵੀਂ ਨਾ ਉੱਕ ਸੱਜਣਾ।

•

## ਮਣਕੇ

ਟੁੱਟ ਜਾਂਦਾ ਏ ਜਦੋਂ ਧਾਗਾ ਕਿਸੇ ਦੀ
ਨਿਸ਼ਾਨੀ ਗਲ ਵਾਲੀ ਗਾਨੀ ਦਾ
ਤਾਂ ਖਿੱਲਰ ਹੀ ਜਾਂਦੇ ਨੇ ਸਾਰੇ ਮਣਕੇ।
ਨਸ਼ਾ ਚੜ੍ਹਿਆ ਹੁੰਦਾ ਏ ਜਿਨ੍ਹਾਂ ਨੂੰ
ਸੱਜਣਾ ਦੇ ਨੈਣਾਂ ਵਿੱਚੋਂ ਉਹ ਇਸ਼ਕੇ
ਦੇ ਰਾਵਾਂ ਉੱਤੇ ਤੁਰਦੇ ਨੇ ਹਿੱਕ ਤਣਕੇ।
ਬਿਨ ਲੱਗੀਆਂ ਵਾਲੇ ਕੀ ਜਾਨਣ ਝਾਂਜਰਾਂ
ਦੀ ਛਣਕਾਰ ਨੂੰ ਲੱਗੀਆਂ ਵਾਲੇ ਕੰਨ
ਚੱਕ ਲੈਂਦੇ ਜਦੋਂ ਕਿਤੇ ਵੀ ਝਾਂਜਰ ਛਣਕੇ।
ਸੱਚੇ ਆਸ਼ਕ ਆਪਣੇ ਯੋਗੇ ਵੀ ਨਹੀਂ ਰਹਿੰਦੇ
ਜਦੋਂ ਆ ਜਾਂਦਾ ਏ ਕੋਈ ਜ਼ਿੰਦਗੀ ਵਿੱਚ
ਆਪਣਾ ਜਾਨੋਂ ਵੱਧ ਪਿਆਰਾ ਬਣਕੇ।
ਕਦੇ ਵੀ ਛੁਪਾਇਆਂ ਤੋਂ ਨਾ ਛੁਪਦੀ
ਗੱਲ ਸੱਚੀ ਹੁੰਦੀ ਏ ਜਿਹੜੀ ਸਦਾ ਹੀ
ਉਹ ਖਰੇ ਸਿੱਕੇ ਵਾਂਗੂੰ ਟਣਕੇ।
ਜਸਮੀਤ ਉਨ੍ਹਾਂ ਦਾ ਨਾਮ ਜੱਗ ਤੇ ਜਿਉਂਦਾ ਨਾਲੇ ਮਾਵਾਂ
ਅਮਰ ਹੋ ਜਾਂਦੀਆਂ ਨੇ
ਦਾਨੀ, ਭਗਤ ਜਾ ਸੂਰਮਾ ਪੁੱਤ ਜਣਕੇ।

•

## ਪੰਜਾਬ

ਪਾਣੀਆਂ ਦੇ ਨਾਂ ਤੇ ਪੰਜਾਬ ਪਿਆ ਸੀ
ਨਾਮ ਤੇਰਾ ਐ ਪੰਜਾਬ।
ਪਰ ਹੁਣ ਏਥੇ ਪਾਣੀ ਸ਼ੁੱਧ ਨਹੀਂ ਮਿਲਦਾ
ਵਾਧੂ ਮਿਲਦੀ ਏ ਸ਼ਰਾਬ।
ਕੀਹਨੇ ਪੱਤੀ-ਪੱਤੀ ਕਰ ਦਿੱਤਾ ਵੱਡੇ ਬਾਗ਼
ਵਿੱਚ ਖਿੜਿਆ ਫੁੱਲ ਗੁਲਾਬ।
ਏਥੇ ਦੁੱਧ ਸਸਤਾ ਪਾਣੀ ਮਹਿੰਗਾ ਸਮਝ ਨਾ
ਆਇਆ ਸਾਨੂੰ ਇਹ ਹਿਸਾਬ।
ਲਗਾਮਾਂ ਹੋਰ ਹੱਥਾਂ ਵਿੱਚ ਅਤੇ ਹੋਰ ਕਿਸੇ
ਦੇ ਪੈਰੀਂ ਹੈ ਰਕਾਬ।
ਸਾਡੀ ਧਰਤੀ ਸਦਾ ਸੁਖੀ ਵਸੇ ਜਸਮੀਤ ਦੀ
ਇਹੋ ਹੀ ਹੈ ਫਰਿਆਦ।

•

## ਬੂਹਾ

ਚਿਰਾਂ ਬਾਅਦ ਆਇਆ ਸੀ ਮੈਂ ਸੱਜਣਾ
ਦਿਲ ਵਿੱਚ ਲੈ ਕੇ ਚਾਅ ਤੈਨੂੰ ਮਿਲਣੇ ਦਾ
ਪਰ ਮਨ ਬੜਾ ਹੀ ਉਦਾਸ ਹੋਇਆ
ਅੱਜ ਤੇਰਾ ਬੂਹਾ ਬੰਦ ਵੇਖ ਕੇ।
ਮਸਾਂ-ਮਸਾਂ ਤੈਨੂੰ ਕਿੰਨੇ ਚਿਰ ਵਿੱਚ ਜ਼ਿੰਦਗੀ
ਦੇ ਕਰੀਬ ਲਿਆਂਦਾ ਸੀ ਉਂਜ ਉਦੋਂ
ਵੀ ਮਨ ਘੱਟ ਨਿਰਾਸ਼ ਨਹੀਂ ਸੀ ਹੋਇਆ
ਤੇਰੇ ਮੇਰੇ ਵਿੱਚ ਰਸਮਾਂ ਦੀ ਕੰਧ ਵੇਖ ਕੇ।
ਮੰਨਦੇ ਹਾਂ ਕੇ ਹੁਣ ਤੈਨੂੰ ਅਸੀਂ ਪਾ ਤਾਂ
ਨਹੀਂ ਸਕਦੇ ਜੇ ਹੋ ਜਾਂਦੇ ਦਰਸ਼ਨ
ਤੇਰੇ ਮਨ ਹੀ ਖੁਸ਼ ਕਰ ਲੈਂਦੇ ਅੱਜ
ਆਪਣੀ ਪਸੰਦ ਵੇਖ ਕੇ।
ਜੇ ਇੱਕ ਵਾਰ ਹੋ ਜਾਂਦੀ ਪਿਆਸੇ ਨੈਣਾਂ ਨੂੰ ਦੀਦ
ਤੇਰੀ ਸੱਜਣਾ ਚਿਰਾਂ ਤੱਕ ਚਾਨਣ ਹੋਇਆ ਰਹਿੰਦਾ
ਜਸਮੀਤ ਦੀ ਜ਼ਿੰਦਗੀ ਵਿੱਚ ਚਿਰਾਂ ਬਾਅਦ ਫੇਰ
ਆਪਣਾ ਚੰਦ ਵੇਖ ਕੇ।

•

# ਪਰਦੇ

ਪੈ ਜਾਂਦੇ ਨੇ ਅਕਲਾਂ 'ਤੇ ਪਰਦੇ
ਇਸ਼ਕ ਜਿਨ੍ਹਾਂ ਦੇ ਹੱਡਾਂ
ਵਿੱਚ ਰਚਿਆ ਹੁੰਦਾ ਏ।
ਨੈਣ ਹਰਦਮ ਲੱਭਦੇ ਰਹਿੰਦੇ ਨੇ
ਯਾਰ ਨੂੰ ਖੁਦ ਲਈ ਜਿਹੜਾ
ਐਨਾ ਜਚਿਆ ਹੁੰਦਾ ਏ।
ਜੇ ਪੈ ਜਾਣ ਵਿਛੋੜੇ
ਹੌਕਿਆਂ ਤੇ ਹੰਝੂਆਂ ਨਾਲ ਬਹਿ
ਜਾਂਦਾ ਰੱਤ ਜਿਹੜਾ ਬਚਿਆ ਹੁੰਦਾ ਏ।
ਆਸ਼ਕਾਂ ਨੂੰ ਕਿਤੋਂ ਯੋਗਾ ਨਹੀਂ
ਛੱਡਦਾ ਲਾਂਬੂ ਸੀਨੇ ਵਿੱਚ
ਜਿਹੜਾ ਮੱਚਿਆ ਹੁੰਦਾ ਏ।
ਜਸਮੀਤ ਸੀਨੇ ਨਾਲ ਲਾਉਣਾ ਪੈਂਦਾ ਏ
ਇਸ਼ਕ ਲਈ ਪੈਰਾਂ ਵਿੱਚ ਘੁੰਗਰੂ ਪਾ
ਜਿਹੜਾ ਨੱਚਿਆ ਹੁੰਦਾ ਏ।

•

## ਚੇਹਰੇ

ਭਾਵੇਂ ਛੇੜੀਏ ਸੂਫ ਕਾਲੀਆਂ ਰਾਤਾਂ ਨੂੰ
ਚਾਹੇ ਛੇੜੀਏ ਸਾਡੀਆਂ
ਉਮੀਦਾਂ ਵਾਲੀਆਂ ਪ੍ਰਭਾਤਾਂ ਨੂੰ
ਜਦੋਂ ਵੀ ਛੇੜੀਏ ਦਿਲ ਦਿਆਂ ਜਜ਼ਬਾਤਾਂ ਨੂੰ ਉਦੋਂ
ਸਾਡੇ ਨੈਣ ਵਿੱਚੋਂ ਹੜ੍ਹ
ਹੰਝੂਆਂ ਦੇ ਹੜ੍ਹ ਹੀ ਜਾਂਦੇ ਨੇ।
ਸੌਂਹ ਤੇਰੀ ਬੜੀਆਂ ਛੁਪਾ ਕੇ ਰੱਖਦੇ ਹਾਂ
ਦੁਨੀਆਂ ਤੋਂ ਪਰ ਲੋਕੀ ਚੋਟਾਂ ਸੱਜਰੀਆਂ
ਇਸ਼ਕ ਦੀਆਂ ਸਾਡੇ ਚੇਹਰੇ ਤੋਂ ਪੜ੍ਹ ਹੀ ਜਾਂਦੇ ਨੇ।
ਭਾਵੇਂ ਯਾਦ ਕਰੀਏ ਮੁਲਾਕਾਤਾਂ ਨੂੰ
ਭਾਵੇਂ ਯਾਦ ਕਰੀਏ ਸੌਗਾਤਾਂ ਨੂੰ
ਚਾਹੇ ਯਾਦ ਕਰੀਏ ਮਿੱਠੀਆਂ ਬਾਤਾਂ ਨੂੰ
ਪੀਲੀ ਚੁੰਨੀ ਦੇ ਲੜ੍ਹ ਸੀਨੇ ਤੇ ਲੜ ਹੀ ਜਾਂਦੇ ਨੇ।
ਜਿਨ੍ਹਾਂ ਨੂੰ ਦਿਲ ਭੁਲਾਉਂਣਾ ਨਹੀਂ ਚਾਹੁੰਦਾ ਹੁੰਦਾ
ਅੱਖੀਆਂ ਚਾਹੇ ਜਿੱਧਰ ਮਰਜ਼ੀ ਵੇਖਣ ਜਸਮੀਤ ਉਹ ਚੇਹਰੇ
ਮੱਲੋ-ਜੋਰੀ ਮੂਹਰੇ ਆ ਕੇ ਖੜ੍ਹ ਹੀ ਜਾਂਦੇ ਨੇ।

•

## ਦੀਦ ਤੇਰੀ

ਕਿੰਨੇ ਚੰਗੇ ਨੇ ਉਹ ਲੋਕ ਜਿਹੜੇ
ਹਰ ਪਲ ਤੇਰੇ ਕੋਲ ਰਹਿ ਕੇ ਕਰਦੇ
ਨੇ ਤੇਰੀ ਦੀਦ ਜੇ ਮੁੱਦਤਾ ਬਾਅਦ
ਵੀ ਦੀਦ ਹੋ ਜਾਵੇ ਸਾਨੂੰ ਤੇਰੀ ਅਸੀਂ
ਸਦੀਆਂ ਤੱਕ ਵੀ ਰਹੀਏ ਨਸ਼ਿਆਏ।
ਹਰ ਪਲ ਹੀ ਸਾਡੀ ਨਸ-ਨਸ ਵਿੱਚ
ਚੜ੍ਹਿਆ ਰਹਿੰਦਾ ਏ ਨਸ਼ਾ ਹੁਣ ਵੀ
ਉਨ੍ਹਾਂ ਦਾ ਜਾਮ ਜਿਹੜੇ ਸੱਜਣਾ
ਤੂੰ ਚਾਵਾਂ ਨਾਲ ਸਾਨੂੰ ਕਦੇ ਆਪਣੇ
ਨਸ਼ੀਲੇ ਨੈਣਾਂ ਵਿੱਚੋਂ ਸੀ ਪਿਲਾਏ।
ਇਸ਼ਕੇ ਦੇ ਖੇਤਾਂ ਵਿੱਚ ਕਣਕਾਂ
ਨਿਸਰੀਆਂ ਪਰ ਯਾਦਾਂ ਤੇਰੀਆਂ ਅਜੇ ਵੀ
ਨਹੀਂ ਵਿਸਰੀਆਂ ਹੁਣ ਵੀ ਜਸਮੀਤ
ਪੌਣਾਂ ਵਿੱਚੋਂ ਸੁਣਦੇ ਨੇ ਬੋਲ ਮਿੱਠੜੇ ਜਿਹੜੇ
ਤੇਰੀਆਂ ਬੁੱਲੀਆਂ ਨੇ ਸੀ ਕਦੇ ਸੁਣਾਏ।

•

## ਵਾਅਦੇ

ਬੜਾ ਦੁੱਖ ਲੱਗਦਾ ਏ
ਜਦੋਂ ਕੀਤੇ ਵਾਦਿਆਂ ਦੀ
ਗੱਲ ਹੁੰਦੀ ਨਹੀਂ ਮੈਥੋਂ ਪੂਰੀ।
ਬੜਾ ਦੁੱਖ ਲੱਗਦਾ ਜਦੋਂ ਮੇਰੇ
ਕਰਕੇ ਕਿਸੇ ਦੀ ਹਸਰਤ
ਰਹਿ ਜਾਂਦੀ ਏ ਅਧੂਰੀ।
ਪਰ ਮੇਰੇ ਨਾਲੋਂ ਕਿੰਨਾ ਚੰਗਾ
ਏ ਉਹ ਜਿਹੜਾ ਸਮਝ ਲੈਂਦਾ
ਏ ਮੇਰੀ ਮਜਬੂਰੀ।
ਦਿਲ ਤੇ ਪੱਥਰ ਰੱਖਕੇ
ਪਰ ਮੈਨੂੰ ਖੁਸ਼ ਵੇਖਣ
ਲਈ ਕਰ ਲੈਂਦਾ ਏ ਸਬਰ-ਸਬੂਰੀ।
ਜਸਮੀਤ ਕਦੇ ਵੀ ਨਹੀਂ ਰੁੱਸਿਆ
ਨਾਲ ਮੇਰੇ ਵਿਚਾਰਾ ਕਦੇ ਨਹੀਂ ਵਿਖਾਈ
ਮੈਨੂੰ ਉਹਨੇ ਮਗਰੂਰੀ।

•

## ਭੌਰੇ

ਭੌਰੇ ਤਾਂ ਹਰ-ਪਲ ਹੀ ਫੁੱਲਾਂ ਦੀ
ਰਖਵਾਲੀ ਕਰਦੇ ਨੇ
ਕੀ ਹੋਇਆ ਜੇ ਲੈ ਲੈਂਦੇ ਨੇ ਥੋੜ੍ਹੀਆਂ
ਜਿਹੀਆਂ ਮਹਿਕਾਂ ਫੁੱਲਾਂ ਤੋਂ।
ਗਲਤੀ ਤਾਂ ਹਰ ਇਨਸਾਨ ਤੋਂ ਹੀ
ਹੋ ਸਕਦੀ ਏ ਪਰ ਅਸਲੀ
ਇਨਸਾਨ ਉਹ ਹੀ ਹੁੰਦੇ ਨੇ ਜੋ ਸਿੱਖਦੇ
ਆਪਣੀਆਂ ਭੁੱਲਾਂ ਤੋਂ।
ਆਸਾਂ ਵਾਲੇ ਦੀਪ ਉਹ ਹੀ ਹੁੰਦੇ ਨੇ
ਜੋ ਸ਼ਮ੍ਹਾਂ ਵਾਂਗੂੰ ਲਟ-ਲਟ ਮੱਚਦੇ ਨੇ
ਕੋਈ ਕੀ ਰੁਸ਼ਨਾ ਲਊ ਵਿਹੜਾ ਘਰ
ਦਾ ਦੀਵੇ ਗੁੱਲਾਂ ਤੋਂ।
ਜਸਮੀਤ ਥੋੜ੍ਹੇ ਸਮੇਂ ਲਈ ਤਾਂ ਉਹ ਜਮਾਨੇ ਨੂੰ
ਅੱਗੇ ਦਿਸ ਸਕਦਾ ਏ ਪਰ ਆਪਣੀਆਂ
ਮੰਜ਼ਿਲਾਂ ਤੇ ਨਹੀਂ ਪਹੁੰਚਦਾ
ਕੋਈ ਲੱਗੇ ਟੁੱਲਾਂ ਤੋਂ।

•

## ਦੁੱਖ

ਜੀ ਨਹੀਂ ਸੀ ਕਰਦਾ ਤੈਨੂੰ ਦੱਸਾਂ ਤੇਰੇ ਬਾਝੋਂ ਐਨਾ
ਕੱਲਾ ਹਾਂ ਜਿਵੇਂ ਹੁੰਦਾ ਏ ਰੋਹੀ ਦਾ ਰੁੱਖ ਕੁੜੇ।
ਹੁਣ ਤੇਰੇ ਬਾਝੋਂ ਸਾਡਾ ਕੋਈ ਦੁੱਖ ਨਾ ਵੰਡਾਵੇ
ਸ਼ੈਅ ਕੱਲੀ-ਕੱਲੀ ਦਿੰਦੀ ਏ ਮੈਨੂੰ ਦੁੱਖ ਕੁੜੇ।
ਤਰਸਦੀਆਂ ਨੇ ਦੋ ਅੱਖੀਆਂ ਦੇ-ਦੇ ਦਰਸ਼ਨ
ਰਾਵਾਂ ਤੇਰਿਆਂ ਵਿੱਚ ਖੜ੍ਹੇ ਗਏ ਆਂ ਸੁੱਕ ਕੁੜੇ।
ਸਾਨੂੰ ਲੋੜ ਹੈ ਤੇਰੇ ਹੁੰਗਾਰਿਆਂ ਦੀ ਦੂਰ ਜਾ ਕੇ
ਦੱਸ ਧਾਰ ਕਿਉਂ ਲਈ ਤੂੰ ਐਨੀ ਚੁੱਪ ਕੁੜੇ।
ਅਸੀਂ ਭੁੱਲ ਕੇ ਵੀ ਨਾ ਮੁੱਖ ਮੋੜੀਏ ਤੈਥੋਂ ਤੇ
ਤੂੰ ਵੀ ਹੋਵੀਂ ਨਾ ਸਾਥੋਂ ਕਦੇ ਬੇਮੁੱਖ ਕੁੜੇ।
ਜਦੋਂ ਵੀ ਰੂਹ ਲੱਭਦੀ ਏ ਤੈਨੂੰ ਸੁੰਨੇ ਰਾਵਾਂ ਵਿੱਚੋਂ
ਜਸਮੀਤ ਖੜ੍ਹਾ-ਖੜ੍ਹੋਤਾ ਹੀ ਬਣ ਜਾਈਏ ਬੁੱਤ ਕੁੜੇ।

•

## ਪੱਲਾ

ਜਿਵੇਂ ਤੂੰ ਬੇਮੁੱਖ ਹੋ ਗਿਆ ਸਾਥੋਂ ਸੱਜਣਾ
ਜੇ ਹੋਰ ਕੋਈ ਹੋਇਆ ਹੁੰਦਾ ਛੱਡ ਦਿੰਦੇ
ਉਹਦਾ ਲੜ, ਪਰ ਤੇਰਾ ਤਾਂ ਛੱਡ ਵੀ
ਨਹੀਂ ਸਕਦੇ ਅਸੀਂ ਪੱਲਾ।
ਬਿਨ ਤੇਰੇ ਜੀ ਨਹੀਂ ਹੋਣਾ ਫੱਟ
ਹਿਜ਼ਰਾਂ ਦਾ ਸੀ ਨਹੀਂ ਹੋਣਾ
ਤੇਰੇ ਲਈ ਅਸੀਂ ਲੱਖਾਂ ਸੁਪਨੇ ਬੁਣੇ ਸੀ
ਕਿੰਨੇ ਹੀ ਰੰਗ ਚੁਣੇ ਸੀ ਤਾਹੀਂ ਹੁਣ
ਦੁਹਾਈਆਂ ਦਿੰਦਾ ਦਿਲ ਝੱਲਾ।
ਸੀਨੇ ਉੱਤੇ ਹੱਥ ਧਰਕੇ ਅੱਜ ਵੀ
ਤੈਨੂੰ ਯਾਦ ਕਰਕੇ ਕਦੇ ਨੈਣਾਂ
ਵਿੱਚੋਂ ਸਾਉਣ ਦੀਆ ਝੜੀਆਂ
ਲੱਗ ਜਾਂਦੀਆਂ ਕਦੇ ਸਮੁੰਦਰਾਂ ਦੇ ਪਾਣੀ
ਵਾਂਗੂੰ ਵੱਜਦੀਆਂ ਤੇਜ਼ ਛੱਲਾਂ।
ਦਿਲ ਡਰਦਾ ਰਹਿੰਦਾ ਹੁਣ ਤੇਰਾ
ਕਦੇ ਦੀਦਾਰ ਵੀ ਨਹੀਂ ਹੋਣਾ
ਤੈਨੂੰ ਵਿਸਾਰ ਵੀ ਨਹੀਂ ਹੋਣਾ ਉਂਝ ਮਿਲ ਜਾਂਦੀਆਂ
ਸਾਨੂੰ ਖਬਰਾਂ ਜਦੋਂ ਜੱਗ ਵਾਲੇ ਕਰਦੇ ਤੇਰੀਆਂ ਗੱਲਾਂ।
ਕਦੇ ਤਾਂ ਜਸਮੀਤ ਦੇ ਦਿਲ ਦੀ ਰੀਝ
ਪੂਰੀ ਕਰਦੇ ਸਾਰੀ ਪੀੜਾ ਹਰਦੇ
ਲਾ ਕੇ ਪੱਜ ਦੁਨੀਆਂਦਾਰੀ ਨੂੰ ਆ ਜਾ
ਸਾਡੇ ਕੋਲ ਐਸਾ ਮਾਰ ਕੋਈ ਤੂੰ ਹੱਲਾ।

•

## ਕਸਵੱਟੀ

ਹੁਣ ਤਾਂ ਪਿਆਰ ਤੇਰੇ ਵਿੱਚ ਅਸੀਂ ਖੁਦ ਨੂੰ ਹੀ ਭੁੱਲ ਗਏ ਆਂ
ਜੇ ਤੇਰੇ ਇਸ਼ਕੇ ਦੀ ਕਸਵੱਟੀ ਤੇ ਅਜੇ ਵੀ ਪੂਰੇ ਨਹੀਂ ਉੱਤਰਦੇ
ਤਾਂ ਤੇਰੇ ਇਸ਼ਕੇ ਦੀ ਅੱਗ ਵਿੱਚ ਹੋਰ ਸੜ ਲੈਂਦੇ ਹਾਂ ਸੱਜਣਾ।
ਆਪਣੀ ਤੁਸ਼-ਬੁੱਧੀ ਨਾਲ ਉਂਝ ਪੜ੍ਹ ਵੀ ਲਿਆ ਸੀ ਕੱਲਾ-ਕੱਲਾ
ਵਰਕਾ ਤੇਰੇ ਇਸ਼ਕੇ ਦਾ ਜੇ ਅਜੇ ਵੀ ਫੇਲ੍ਹ ਹੋਣ ਦਾ ਡਰ ਹੈ ਤਾਂ ਤੇਰੇ ਇਸ਼ਕੇ ਵਾਲੇ
ਇਲਮ ਦੇ ਦੁਬਾਰੇ ਪੱਤਰੇ ਪੜ੍ਹ ਲੈਂਦੇ ਹਾਂ ਸੱਜਣਾ। ਇਸ਼ਕੇ ਦੇ ਸਿਖਰਾਂ ਤੇ ਪਹੁੰਚ ਕੇ
ਮੁੜਨਾ ਬੜਾ ਔਖਾ ਲੱਗੂਗਾ ਜੇ ਕੋਈ ਹੋਰ ਪੌੜੀ ਰਹਿੰਦੀ ਏ ਤੇਰੇ ਇਸ਼ਕੇ ਦੀ
ਬੇਫਿਕਰ ਹੋ ਕੇ ਤੂੰ ਦੱਸ ਦੇ ਅਸੀਂ ਪੌੜੀ ਉਹ ਵੀ ਚੜ੍ਹ ਲੈਂਦੇ ਹਾਂ ਸੱਜਣਾ।

•

## ਸੜਕ

ਚਿੱਤ ਕਰਦਾ ਏ ਮੇਰਾ ਮੈਂ ਰੋਵਾਂ ਬਹਿ ਕੇ ਸੜਕ ਕਿਨਾਰੇ।
ਜੀਹਨੂੰ ਬਣਾਉਣ ਵੇਲੇ ਸੈਂਕੜੇ ਮਜ਼ਦੂਰਾਂ ਨੇ
ਆਪਣੇ ਹੱਥ-ਪੈਰ ਸਾੜੇ।
ਚਿੱਤ ਕਰਦਾ ਏ ਮੇਰਾ ਮੈਂ ਰੋਵਾਂ ਬਹਿ ਕੇ ਸੜਕ ਕਿਨਾਰੇ।
ਕਿੰਨੀਆਂ ਹੀ ਮਾਵਾਂ ਦੇ ਖੋਹ ਲਏ ਏਸ ਸੜਕ ਨੇ
ਪੁੱਤ ਜਾਨੋਂ ਪਿਆਰੇ।
ਚਿੱਤ ਕਰਦਾ ਏ ਮੇਰਾ ਮੈਂ ਰੋਵਾਂ ਬਹਿ ਕੇ ਸੜਕ ਕਿਨਾਰੇ।
ਕਿੰਨੇ ਹੀ ਲੋਕ ਬੇਸਹਾਰੇ ਬਣਾ ਦਿੱਤੇ ਨੇ ਝਪਟਾਂ
ਮਾਰ ਕੇ ਖੋਹ ਲਏ ਸਾਰੇ ਸਹਾਰੇ।
ਚਿੱਤ ਕਰਦਾ ਏ ਮੇਰਾ ਮੈਂ ਰੋਵਾਂ ਬਹਿ ਕੇ ਸੜਕ ਕਿਨਾਰੇ।
ਕਦੇ-ਕਦੇ ਜੀ ਕਰਦਾ ਏ ਖ਼ੂਨੀ ਸੜਕ ਪੁੱਟ ਦੇਵਾਂ
ਪਰ ਚਲਦੇ ਨਹੀਂ ਚਾਰੇ।
ਚਿੱਤ ਕਰਦਾ ਏ ਮੇਰਾ ਮੈਂ ਰੋਵਾਂ ਬਹਿ ਕੇ ਸੜਕ ਕਿਨਾਰੇ।
ਸੜਕ ਦੀ ਹਿੱਕ ਤੇ ਅਣਆਈ ਮੌਤ ਮਰਿਆ ਦੇ
ਕੱਟੇ ਜਾਣ ਰੱਬਾ ਦੁੱਖ ਸਾਰੇ।
ਚਿੱਤ ਕਰਦਾ ਏ ਮੇਰਾ ਮੈਂ ਰੋਵਾਂ ਬਹਿ ਕੇ ਸੜਕ ਕਿਨਾਰੇ।
ਨਿਗਲ ਲਿਆ ਜਿਨ੍ਹਾਂ ਦਾ ਬਾਪ ਛੋਟੀ ਉਮਰੇ ਬੱਚਿਆਂ ਨੂੰ
ਪੈ ਗਏ ਮਾਮਲੇ ਭਾਰੇ।
ਚਿੱਤ ਕਰਦਾ ਏ ਮੇਰਾ ਮੈਂ ਰੋਵਾਂ ਬਹਿ ਕੇ ਸੜਕ ਕਿਨਾਰੇ।
ਏਸੇ ਸੜਕ ਕਰਕੇ ਹੀ ਕਈ ਜਿੱਤ ਕੇ ਬਾਜ਼ੀ ਜ਼ਿੰਦਗੀ
ਵਾਲੀ ਪਲਾਂ ਵਿੱਚ ਹਾਰੇ।
ਚਿੱਤ ਕਰਦਾ ਏ ਮੇਰਾ ਮੈਂ ਰੋਵਾਂ ਬਹਿ ਕੇ ਸੜਕ ਕਿਨਾਰੇ।
ਵੇਖ ਕੇ ਨਿੱਤ ਹੀ ਇਹਦੀਆਂ ਬੇਰਹਿਮੀਆਂ ਸੀਨੇ
ਮੇਰੇ ਉੱਤੇ ਚਲਦੇ ਤਿੱਖੇ ਆਰੇ।
ਚਿੱਤ ਕਰਦਾ ਏ ਮੇਰਾ ਮੈਂ ਰੋਵਾਂ ਬਹਿ ਕੇ ਸੜਕ ਕਿਨਾਰੇ।

ਇਹਦੀ ਦਰਿੰਦਗੀ ਆਪਣੀ ਹੀ ਜ਼ਿੱਦ ਪੁਗਾਉਂਦੀ ਏ
ਸੁਣਦੀ ਨਹੀਂ ਕਿਸੇ ਦੇ ਹਾੜੇ।

ਚਿੱਤ ਕਰਦਾ ਏ ਮੇਰਾ ਮੈਂ ਰੋਵਾਂ ਬਹਿ ਕੇ ਸੜਕ ਕਿਨਾਰੇ।
ਇਸ ਸੜਕ ਤੇ ਕਈ ਵਾਰੀ ਇੱਜ਼ਤਾਂ ਵੀ ਲੁੱਟੀਆਂ
ਜਾਂਦੀਆਂ ਨੇ ਦਿਨ ਦਿਹਾੜੇ।
ਚਿੱਤ ਕਰਦਾ ਏ ਮੇਰਾ ਮੈਂ ਰੋਵਾਂ ਬਹਿ ਕੇ ਸੜਕ ਕਿਨਾਰੇ।
ਜਸਮੀਤ ਏਥੇ ਲੋਕ ਗਰੀਬਾਂ ਦੀਆਂ ਜੇਬਾਂ ਵੀ ਖਾਲੀ ਕਰ ਦਿੰਦੇ
ਅਮੀਰ ਬਣਨ ਦੇ ਮਾਰੇ।
ਚਿੱਤ ਕਰਦਾ ਏ ਮੇਰਾ ਮੈਂ ਰੋਵਾਂ ਬਹਿ ਕੇ ਸੜਕ ਕਿਨਾਰੇ।

•

## ਹਾਲਾਤ

ਉਂਜ ਚਿਰਾਂ ਤੋਂ ਹੌਸਲੇ ਬੜੇ
ਬੁਲੰਦ ਸੀ ਸਾਡੇ
ਪਰ ਅੱਜ ਹਾਲਾਤਾਂ
ਅੱਗੇ ਝੁਕ ਗਏ ਆਂ।
ਮੰਜ਼ਿਲਾਂ ਭਾਵੇਂ
ਥੋੜ੍ਹੀ ਹੀ ਦੂਰ ਸੀ
ਪਰ ਪਹੁੰਚੀਏ ਕਿਵੇਂ
ਚਲਦੇ-ਚਲਦੇ ਜੋ ਰੁਕ ਗਏ ਆਂ।
ਜੀਹਦੇ ਲਈ ਰੁਕੇ
ਉਹੀ ਨਾ ਪਹੁੰਚਿਆ
ਉਹਦੇ ਰਾਹਾਂ ਵਿੱਚ
ਖੜ੍ਹੇ-ਖੜ੍ਹੇ ਸੁੱਕ ਗਏ ਆਂ।
ਉਹਦੇ ਨਾਲ ਦਿਲੀ ਹਮਦਰਦੀ ਸੀ
ਤਾਹੀਂ ਫੁੱਲੋਂ ਹੌਲੀਆਂ
ਪਲਕਾਂ ਤੇ ਐਨਾ ਪਾਣੀ ਚੁੱਕ ਗਏ ਆਂ।
ਮੱਛੀ ਦੀ ਅੱਖ ਵਿੱਚ ਨਿਸ਼ਾਨਾ ਲਾਉਣ ਵਾਲੇ
ਅੱਜ ਸੌਖੇ ਨਿਸ਼ਾਨੇ ਤੋਂ ਵੀ ਉੱਕ ਗਏ ਆਂ।
ਜਸਮੀਤ ਲੋਕਾਂ ਦੀ ਖੁਸ਼ੀ ਲਈ ਮਲ੍ਹਮਾਂ ਦੀ ਥਾਂ
ਆਪਣੇ ਜ਼ਖਮਾਂ ਤੇ ਲੂਣ ਭੁੱਕ ਗਏ ਆਂ।

•

## ਕੁਝ ਲੋਕ

ਕੁਝ ਲੋਕ ਖੁਸ਼ ਹੁੰਦੇ ਨੇ।
ਕਿਸੇ ਤੋਂ ਇੰਤਜ਼ਾਰ ਕਰਵਾ ਕੇ।
ਕੁਝ ਲੋਕ ਖੁਸ਼ ਹੁੰਦੇ ਨੇ
ਕਿਸੇ ਦਾ ਪਿਆਰ ਠੁਕਰਾ ਕੇ।
ਕੁਝ ਲੋਕ ਖੁਸ਼ ਹੁੰਦੇ ਨੇ
ਹਾਸਿਆਂ ਵਿੱਚ ਹੰਝੂ ਮਿਲਾਕੇ।
ਕੁਝ ਲੋਕ ਖੁਸ਼ ਹੁੰਦੇ ਨੇ
ਕਿਸੇ ਦਾ ਪਿਆਰ ਭੁਲਾ ਕੇ।
ਕੁਝ ਲੋਕ ਖੁਸ਼ ਹੁੰਦੇ ਨੇ
ਕਿਸੇ ਨੂੰ ਬੇਮਤਲਬ ਅਜ਼ਮਾਕੇ।
ਕੁਝ ਲੋਕ ਖੁਸ਼ ਹੁੰਦੇ ਨੇ
ਕਿਸੇ ਨੂੰ ਸਬਕ ਸਿਖਾ ਕੇ।
ਕੁਝ ਲੋਕ ਖੁਸ਼ ਹੁੰਦੇ ਨੇ
ਦਿਲ ਦੇ ਤਖਤ ਤੇ ਬਿਠਾ ਕੇ।
ਕੁਝ ਲੋਕ ਖੁਸ਼ ਹੁੰਦੇ ਨੇ
ਕਿਸੇ ਅੱਗੇ ਵਾਧੂ ਦਾ ਸ਼ਰਮਾ ਕੇ।
ਕੁਝ ਲੋਕ ਖੁਸ਼ ਹੁੰਦੇ ਨੇ
ਕਿਸੇ ਨੂੰ ਮੂੰਹ ਦੀ ਖਵਾ ਕੇ।
ਕੁਝ ਲੋਕ ਖੁਸ਼ ਹੁੰਦੇ ਨੇ
ਕਿਸੇ ਨੂੰ ਬਿਨਾਂ ਗੱਲੋਂ ਰਵਾ ਕੇ।
ਕੁਝ ਲੋਕ ਖੁਸ਼ ਹੁੰਦੇ ਨੇ
ਜਸਮੀਤ ਕਿਸੇ ਦੇ ਕਰੀਬ ਆ ਕੇ।

•

## ਹੋਲੀ

ਦੁਨੀਆਂ ਭਾਵੇਂ ਸਾਰੀ ਹੀ ਰੰਗ-ਬਰੰਗੀ ਏ ਪਰ
ਰੰਗਾਂ ਬਿਨਾ ਕਦੇ ਹੋਲੀ ਮਨਾਈ ਨਹੀਂ ਜਾਂਦੀ।
ਆਪਣੇ ਹਮਦਰਦਾਂ ਤੋਂ ਬਗੈਰ ਹੋਰ ਕਿਸੇ ਨੂੰ ਗੱਲ
ਦਿਲ ਵਾਲੀ ਕਦੇ ਸੁਣਾਈ ਨਹੀਂ ਜਾਂਦੀ।
ਦੁੱਖ ਭਾਵੇਂ ਕਿੱਡਾ ਹੋਵੇ ਪਰ ਜੇ
ਦਿਲ ਨਾ ਚਾਹੇ ਗੱਲ ਦਿਲ ਤੇ ਲਾਈ ਨਹੀਂ ਜਾਂਦੀ।
ਆਪਣੀ ਮੁੱਠੀ ਵਿੱਚ ਰੰਗ ਨਾ ਹੋਵੇ
ਆਪਣੀ ਮਰਜ਼ੀ ਨਾਲ
ਰੰਗਾਂ ਦੀ ਧੂੜ ਉਡਾਈ ਨਹੀਂ ਜਾਂਦੀ।
ਤਨ-ਮਨ ਰੰਗਣ ਲਈ ਪਾਣੀ ਵਿੱਚ
ਇਸ਼ਕੇ ਦੇ ਰੰਗਾਂ ਬਿਨਾ ਹੋਰ ਚੀਜ਼ ਮਿਲਾਈ ਨਹੀਂ ਜਾਂਦੀ।
ਰੰਗਿਆ ਹੋਵੇ ਜਿਹੜਾ ਅਸਲੀ ਰੰਗਾਂ ਵਿੱਚ
ਉਹਤੋਂ ਕਦੇ ਗੱਲ ਸੱਚੀ ਲੁਕਾਈ ਨਹੀਂ ਜਾਂਦੀ।
ਰੰਗਾਂ ਬਿਨ੍ਹਾਂ ਕਿਸੇ ਤਸਵੀਰ ਤੇ ਕੋਈ ਖਾਸ
ਚੀਜ਼ ਉਭਾਰ ਕੇ ਲੋਕਾਂ ਨੂੰ ਵਿਖਾਈ ਨਹੀਂ ਜਾਂਦੀ।
ਜਸਮੀਤ ਰੰਗ ਨਾ ਚੜ੍ਹਿਆ ਹੋਵੇ ਜੇ ਇਸ਼ਕੇ ਦਾ ਸ਼ਮ੍ਹਾ
ਉਹਨੂੰ ਪਾਉਣ ਦੀ ਜਗਾਈ ਨਹੀਂ ਜਾਂਦੀ।

•

## ਜੰਗਲ

ਮੱਚ ਰਿਹਾ ਹੈ ਜੰਗਲ
ਸਦੀਆਂ ਤੋਂ ਵੀ ਬਾਅਦ
ਲੋਕਾਂ ਦੇ ਕੰਮ ਆਉਣ ਦੇ ਲਈ।
ਕੱਟ ਰਿਹਾ ਹੈ ਬੰਦਾ ਜੰਗਲ
ਕੋਈ ਪੈਸਾ ਕਮਾਉਣ ਲਈ
ਕੋਈ ਮਹਿਲ ਬਣਾਉਣ ਲਈ।
ਇੱਕ ਗਰੀਬ ਵਿਚਾਰੇ ਨੇ ਵੇਚ
ਦਿੱਤਾ ਵਿਹੜੇ ਦਾ ਇੱਕਲੌਤਾ ਰੁੱਖ
ਘਰ ਦਾ ਚੁੱਲਾ ਜਲਾਉਣ ਦੇ ਲਈ।
ਪਰ ਖਰੀਦਣ ਵਾਲੇ ਨੇ ਇੱਕ
ਕੱਟੀ ਟਾਹਣੀ ਵੀ ਨਾ ਦਿੱਤੀ ਉਹਨੂੰ
ਆਪਣਾਪਣ ਜਤਾਉਣ ਲਈ।
ਚਲੋ ਵਿਚਾਰਾ ਸਬਰ ਆਪੇ ਰੱਬ ਤੋਂ ਲੈ ਲਊ
ਗਰੀਬੀ ਆਪਣੀ ਨੂੰ ਭੁਲਾਉਣ ਦੇ ਲਈ।
ਜਸਮੀਤ ਜੇਰਾ ਕਰੜਾ ਹੋਣ ਨਹੀਂ ਦਿੰਦੀ ਕਿਸੇ
ਚੀਜ਼ ਤੇ ਹੱਕ ਜਮਾਉਣ ਦੇ ਲਈ।

•

# ਕੀਮਤੀ ਫੁੱਲ

ਚੱਲਦੇ ਨੇ ਜਿਹੜੇ ਸਮੇਂ ਦੇ ਨਾਲ
ਉਹ ਸਦਾ ਬਹਾਰ ਬਣ ਜਾਂਦੇ ਨੇ।
ਜੇ ਬਾਗਾਂ ਵਿੱਚ ਖਿੜੇ ਹੋਏ ਫੁੱਲ
ਸੋਹਣੀ ਗੁਲਜ਼ਾਰ ਬਣ ਜਾਂਦੇ ਨੇ।
ਤਾਂ ਟਿੱਬਿਆਂ ਉੱਤੇ ਉੱਗੇ ਹੋਏ
ਫੁੱਲ ਕੀਮਤੀ ਬੇਸ਼ੁਮਾਰ ਬਣ ਜਾਂਦੇ ਨੇ।
ਬਾਗ਼ਾਂ ਦੀ ਰਾਖੀ ਕਰਦੇ ਮਾਲੀ, ਭੌਰੇ ਟਿੱਬਿਆਂ ਵਾਲੇ ਫੁੱਲਾਂ ਦੇ
ਪਹਿਰੇਦਾਰ ਬਣ ਜਾਂਦੇ ਨੇ।
ਸ਼ਾਇਦ ਤਾਂ ਟਿੱਬਿਆਂ ਉੱਤੇ ਉੱਗੇ ਹੋਏ
ਫੁੱਲ ਕੀਮਤੀ ਬੇਸ਼ੁਮਾਰ ਬਣ ਜਾਂਦੇ ਨੇ।
ਕਈ ਫੁੱਲ ਇੱਜ਼ਤਾਂ ਵਧਾਉਣ ਲਈ
ਗਲਾਂ ਵਾਲੇ ਹਾਰ ਬਣ ਜਾਂਦੇ ਨੇ।
ਕਈ ਆਸ਼ਕਾਂ ਨੂੰ ਖੁਸ਼ ਕਰਨ ਲਈ
ਵਾਲਾਂ ਦਾ ਸ਼ਿੰਗਾਰ ਬਣ ਜਾਂਦੇ ਨੇ।
ਤਾਂ ਹੀ ਟਿੱਬਿਆਂ ਉੱਤੇ ਉੱਗੇ ਹੋਏ
ਫੁੱਲ ਕੀਮਤੀ ਬੇਸ਼ੁਮਾਰ ਬਣ ਜਾਂਦੇ ਨੇ।
ਫੁੱਲ ਜੋ ਮਹਿਕਾਂ ਵੀ ਵੰਡਦੇ ਦਿਲਾਂ ਦੇ ਦਿਲਦਾਰ ਵੀ ਬਣ ਜਾਂਦੇ ਨੇ।
ਅਕਸਰ ਹੀ ਟਿੱਬਿਆਂ ਉੱਤੇ ਉੱਗੇ ਹੋਏ ਫੁੱਲ ਕੀਮਤੀ ਬੇਸ਼ੁਮਾਰ ਬਣ ਜਾਂਦੇ ਨੇ
ਬਾਗ਼ਾਂ ਵਿੱਚ ਲੱਖਾਂ ਫੁੱਲ ਉੱਗਦੇ ਟਿੱਬਿਆਂ ਦੇ ਟਾਵੇਂ ਫੁੱਲ
ਕਿਸੇ ਦਾ ਸੰਸਾਰ ਬਣ ਜਾਂਦੇ ਨੇ।
ਜਸਮੀਤ ਤਾਹੀਂ ਟਿੱਬਿਆਂ ਉੱਤੇ ਉੱਗੇ ਹੋਏ ਫੁੱਲ ਕੀਮਤੀ ਬੇਸ਼ੁਮਾਰ ਬਣ ਜਾਂਦੇ ਨੇ।

•

## ਤੇਰੀ ਯਾਦ ਵਿੱਚ

ਅੱਜ ਅਸੀਂ ਤੇਰੀ ਯਾਦ ਵਿੱਚ ਰੋਨੇ ਆਂ
ਉਦੋਂ ਪਤਾ ਲੱਗਜੂਗਾ ਜਦੋਂ ਤੈਨੂੰ ਵੀ
ਕਿਸੇ ਦੀ ਯਾਦ ਵਿੱਚ ਪਿਆ ਰੋਣਾ
ਸੱਟਾਂ ਇਸ਼ਕ ਦੀਆਂ ਦਿਲ 'ਤੇ ਲੱਗੀਆਂ ਹੁੰਦੀਆਂ ਨੇ ਜਿਨ੍ਹਾਂ ਦੇ
ਬੜਾ ਔਖਾ ਲੱਗਦਾ ਏ
ਉਹਨਾਂ ਨੂੰ ਸੱਜਣ ਭੁਲਾਉਣਾ।
ਪਾਣੀ ਤਾਂ ਬੂਟੇ ਨੂੰ ਇੱਕ ਹੀ ਪਾਉਂਦਾ ਏ
ਪਰ ਮਹਿਕਾਂ ਵੰਡਦਾ ਸੂਹਾ ਫੁੱਲ ਹਰ
ਇੱਕ ਨੂੰ ਲੱਗਦਾ ਏ ਸੋਹਣਾ।
ਮੁੱਦਤਾਂ ਤੋਂ ਅੱਜ ਤੱਕ ਬੂਹੇ
ਖੋਲ੍ਹ ਕੇ ਉਡੀਕੀ ਜਾਨੇ ਆਂ ਜਿਵੇਂ ਹੁਣੇ ਹੀ ਜਾਣੋ
ਪਿਆਰਿਆਂ ਨੇ ਹੁੰਦਾ ਏ ਆਉਣਾ।
ਜਸਮੀਤ ਲੱਗੀਆਂ ਵਾਲਿਆਂ ਦੇ ਦੁੱਖ ਲੱਗੀਆਂ ਵਾਲੇ ਹੀ
ਜਾਨਣ ਵਿਯੋਗ ਵਿੱਚ ਜਿੰਨਾ
ਲਈ ਮੁਹਾਲ ਹੋ ਜਾਂਦਾ ਏ ਚਿੱਤ ਲਾਉਣਾ।

•

## ਹੱਥਕੜੀਆਂ

ਮੇਰੇ ਹੱਥਾਂ ਵਿੱਚ ਨੇ ਹੱਥਕੜੀਆਂ ਤੇ
ਪੈਰਾਂ ਵਿੱਚ ਨੇ ਬੇੜੀਆਂ
ਤਾਂ ਹੀ ਮੈਂ ਖੁੱਲ੍ਹ ਕੇ ਬੋਲ ਨਹੀਂ ਸਕਦਾ।
ਅਜੇ ਵੀ ਰੁਕਾਵਟਾਂ ਨੇ ਬੜੀਆਂ ਪਰ
ਦੱਸ ਨਹੀਂ ਸਕਦਾ ਕਿਹੜੀਆਂ-ਕਿਹੜੀਆਂ
ਤਾਂ ਹੀ ਮੈਂ ਖੁੱਲ੍ਹ ਕੇ ਬੋਲ ਨਹੀਂ ਸਕਦਾ।
ਨੈਣਾਂ ਵਿੱਚੋਂ ਲੱਗ ਜਾਣਗੀਆਂ ਝੜੀਆਂ
ਗੱਲਾਂ ਪੁਰਾਣੀਆਂ ਜੇ ਅੱਜ ਮੈਂ ਫਿਰ ਛੇੜੀਆਂ
ਤਾਂ ਹੀ ਮੈਂ ਖੁੱਲ੍ਹ ਕੇ ਬੋਲ ਨਹੀਂ ਸਕਦਾ।
ਜ਼ਾਲਮਾਂ ਨੇ ਕਈ ਵਾਰੀ ਕਰ-ਕਰ ਕੇ ਅੜੀਆਂ
ਸਾਡੀਆਂ ਲੱਖਾਂ ਹੀ ਸੱਧਰਾਂ ਉਧੇੜੀਆਂ
ਤਾਂ ਹੀ ਮੈਂ ਖੁੱਲ੍ਹ ਕੇ ਬੋਲ ਨਹੀਂ ਸਕਦਾ।
ਖਬਰਾਂ ਸੱਚੀਆਂ ਜੇ ਮੈਂ ਪੜ੍ਹੀਆਂ ਤਾਂ
ਲੱਖਾਂ ਮੁਸੀਬਤਾਂ ਜਾਣਗੀਆਂ ਸਹੇੜੀਆਂ
ਤਾਂ ਹੀ ਮੈਂ ਖੁੱਲ੍ਹ ਕੇ ਬੋਲ ਨਹੀਂ ਸਕਦਾ।
ਗੱਲਾਂ ਦਿਲ ਦੀਆਂ ਬਰੂਹਾਂ ਤੇ ਖੜ੍ਹੀਆਂ
ਇਸੇ ਡਰ ਕਰਕੇ ਮੈਂ ਬੁੱਲ੍ਹੀਆਂ ਭੇੜ੍ਹੀਆਂ
ਤਾਂ ਹੀ ਮੈਂ ਖੁੱਲ੍ਹ ਕੇ ਬੋਲ ਨਹੀਂ ਸਕਦਾ।
ਲੋਕ ਵੇਖਣਗੇ ਚੂਨੇ ਵਿੱਚ ਇੱਟਾਂ ਜੜੀਆਂ
ਜਸਮੀਤ ਜੇ ਜਾਲਮ ਨੇ ਰੀਝਾਂ ਫੇਰ ਉਚੇੜੀਆਂ
ਤਾਂ ਫੇਰ ਮੈਂ ਖੁੱਲ ਕੇ ਬੋਲਾਂਗਾ

•

## ਰੂਪ

ਤੇਰੀ ਪਹਿਲੀ ਮੁਲਾਕਾਤ ਤੋਂ ਲੈ ਕੇ
ਆਖਰੀ ਮੁਲਾਕਾਤ ਤੱਕ ਯਾਦ ਨੇ
ਸਾਨੂੰ ਉਵੇਂ ਹੀ ਸਾਰੇ ਰੂਪ ਤੇਰੇ।
ਜਦੋਂ ਪਹਿਲੀ ਵਾਰੀ ਵੇਖਿਆ ਸੀ।
ਮੈਂ ਤੈਨੂੰ,ਪਾਇਆ ਸੀ ਸੰਗਤਰੀ ਸੂਟ ਜਦੋਂ
ਆਖਰੀ ਵਾਰੀ ਵੇਖਿਆ
ਪਾਇਆ ਸੀ ਪੀਲਾ ਸੂਟ ਤੇਰੇ।
ਜਦੋਂ ਪਹਿਲੀ ਵਾਰੀ ਵੇਖਿਆ ਸੀ
ਪਾਏ ਸੀ ਸੈਂਡਲ ਤੇਰੇ
ਜਦੋਂ ਆਖਰੀ ਵਾਰੀ ਵੇਖਿਆ ਮੈਂ ਤੈਨੂੰ
ਪਾਏ ਸੀ ਕਾਲੇ ਬੂਟ ਤੇਰੇ।
ਜਦੋਂ ਪਹਿਲੀ ਵਾਰੀ ਵੇਖਿਆ
ਕਾਲੀ ਗਾਨੀ ਗਲ ਵਿੱਚ ਪਾਈ ਸੀ ਤੇਰੇ
ਆਖਰੀ ਵਾਰੀ ਖੰਡਾ
ਸੋਨੇ ਦਾ ਪਾਇਆ ਸੀ ਮਜ਼ਬੂਤ ਤੇਰੇ।
ਭਲਾ ਤੈਥੋਂ ਵੱਧ ਸਾਡੇ ਨੇੜੇ ਹੋਰ ਕੋਈ ਕਿਵੇਂ
ਆ ਜਾਂਦਾ ਜਦੋਂ ਸਾਂਭੇ ਪਏ ਨੇ ਸਾਡੇ ਦਿਲ
ਵਿੱਚ ਐਨੇ ਸਬੂਤ ਤੇਰੇ।
ਬੜਾ ਚਿੱਤ ਕਰਦਾ ਏ ਤੈਨੂੰ ਫਿਰ ਵੇਖਣ ਨੂੰ
ਮਿਲ ਜਾਵੀਂ ਜਸਮੀਤ ਨੂੰ ਕਦੇ ਟਾਇਮ ਕੱਢ ਕੇ
ਆ ਗਏ ਜਿੱਦੇ ਝਮੇਲੇ ਸੂਤ ਤੇਰੇ।

•

## ਦੋਸ਼ੀ

ਕਈ ਵਾਰੀ ਆਪਣੇ ਆਪ ਨੂੰ
ਨਿਰਦੋਸ਼ ਸਾਬਤ ਕਰਨ ਲਈ ਦੋਸ਼ੀ
ਏਥੇ ਨਿਰਦੋਸ਼ਿਆਂ ਨੂੰ ਵੀ ਬਿਨਾਂ
ਕਸੂਰੋਂ ਹੀ ਦੋਸ਼ੀ ਬਣਾ ਦਿੰਦੇ ਨੇ।
ਨਾ ਜਿਉਂਦਿਆਂ ਵਿੱਚ ਨਾ
ਮਰਿਆਂ ਵਿੱਚ ਹੁੰਦੇ ਉਹ ਲੋਕੀ
ਅੱਖਾਂ ਅੱਗੇ ਹੁੰਦਾ ਜ਼ੁਲਮ ਵੇਖ ਕੇ ਜੋ
ਆਪਣੇ ਬੁੱਲਾਂ ਨੂੰ ਲਾ ਲੈਂਦੇ ਜਿੰਦੇ ਨੇ।
ਉਹ ਹਿਰਦਿਆਂ ਵਿੱਚ ਵਸ ਨਹੀਂ
ਸਕਦੇ ਫੜ੍ਹ ਮਾਰਦੇ ਨੇ ਜੋ ਫੋਕੀ
ਹਾਲਾਤ ਹੱਥੋਂ ਮਜਬੂਰ ਲੋਕਾਂ ਨੂੰ
ਦਿੰਦੇ ਜਿਹੜੇ ਦੁੱਖ ਬਿੰਦੇ-ਬਿੰਦੇ ਨੇ।
ਢਿੱਡੋਂ ਭੁੱਖੇ ਹੀ ਹੋਣ ਭਾਵੇਂ ਪਰ
ਉਡਾਰੀ ਸ਼ੌਕ ਦੀ ਮਾਰਦੇ ਸੌਖੀ
ਜਸਮੀਤ ਕਈ ਵਾਰੀ ਚੋਗਾਂ ਖਿਲਾਰੀਆਂ ਵੀ ਛੱਡ
ਜਾਂਦੇ ਹੁੰਦੇ ਜੋ ਮਸਤ ਪਰਿੰਦੇ ਨੇ।

•

## ਵੇਖਿਆ ਨਹੀਂ

ਵੇਖਿਆ ਨਹੀਂ ਹੋਰ ਕਿਤੇ
ਸਬਰ ਹੁੰਦਾ ਏ
ਜਿੰਨਾ ਔਰਤ ਵਿੱਚ।
ਵੇਖਿਆ ਨਹੀਂ ਹੋਰ ਕਿਤੇ
ਨਸ਼ਾ ਹੁੰਦਾ ਏ
ਜਿੰਨਾ ਸ਼ੋਹਰਤ ਵਿੱਚ।
ਵੇਖਿਆ ਨਹੀਂ ਹੋਰ ਕਿਤੇ
ਜਸਮੀਤ ਜੋਸ਼ ਹੁੰਦਾ ਏ
ਜਿੰਨਾ ਮਨੋਰਥ ਵਿੱਚ।
ਵੇਖਿਆ ਨਹੀਂ ਹੋਰ ਕਿਤੇ
ਪਾਰਖੂਪਣ ਹੁੰਦਾ ਏ
ਜਿੰਨਾ ਜ਼ੌਹਰੀ ਦੀ ਜ਼ੌਹਰਤ ਵਿੱਚ।

•

## ਪਿੰਜਰੇ

ਕਈ ਪੰਛੀਆਂ ਨੂੰ ਪਿੰਜਰੇ ਵਿੱਚ ਕੈਦ ਕਰਨਾ
ਬੰਦੇ ਲਈ ਜ਼ਰੂਰੀ ਹੁੰਦਾ ਏ।
ਕਈ ਪੰਛੀਆਂ ਨੂੰ ਪਿੰਜਰੇ ਵਿੱਚ ਕੈਦ ਕਰਨਾ
ਬੰਦੇ ਦੀ ਮਜਬੂਰੀ ਹੁੰਦਾ ਏ।
ਕਿਸੇ ਪੰਛੀ ਦੀ ਪਿੰਜਰਾ ਜ਼ਿੰਦਗੀ ਹੁੰਦਾ ਏ
ਜੋ ਬਾਜ਼ਾ ਤੋਂ ਬਚਾਉਂਦਾ ਪੰਛੀ ਨੂੰ ਢਾਲ ਬਣਕੇ
ਕੋਈ ਪੰਛੀ ਪਿੰਜਰੇ ਵਿੱਚ ਕੈਦ ਹੋ ਕੇ
ਜਿਉਂਦੇ ਜੀ ਤਿਲ-ਤਿਲ ਮਰਦਾ ਏ।
ਪਿੰਜਰਾ ਪੰਛੀਆਂ ਦੀ ਜ਼ਿੰਦਗੀ ਹੋਵੇ ਚਾਹੇ ਹੋਵੇ ਕੈਦ
ਜਸਮੀਤ ਸ਼ਾਇਦ ਖੁੱਲ੍ਹੀ ਹਵਾ ਵਿੱਚ ਉੱਚੇ
ਅਸਮਾਨੀ ਉੱਡਣ ਨੂੰ ਚਿੱਤ ਤਾਂ ਹਰੇਕ ਪੰਛੀ ਦਾ ਕਰਦਾ ਏ

•

# ਦੀਵੇ

ਕਿਸਮਤ ਆਪੋ-ਆਪਣੀ ਕਈ ਦੀਵੇ ਤਾਂ ਜਗਾਏ
ਜਾਂਦੇ ਏਥੇ ਰੱਬ ਨੂੰ ਸੱਜਦਾ ਕਰਨ ਲਈ ਵਿੱਚ ਮੰਦਰਾਂ ਤੇ ਮਸਜਦਾਂ ਦੇ ਤੇ ਕਈ
ਦੀਵੇ ਧਰੇ ਜਾਂਦੇ ਉੱਤੇ ਕਬਰਾਂ ਦੇ।
ਕਿਸਮਤ ਆਪੋ-ਆਪਣੀ ਕਈ ਖੁਸ਼ੀਆਂ ਤੇ ਤਿਉਹਾਰਾਂ ਰੁਸ਼ਨਾਉਂਦੇ ਇਹ
ਕਾਇਨਾਤ ਸਾਰੀ ਕਈ ਵਾਰੀ ਕਈ ਫੂਕ ਵੀ ਦਿੰਦੇ ਚਾਵਾਂ ਤੇ ਅਰਮਾਨਾਂ ਨੂੰ
ਸੰਗੀ-ਸਾਥੀ ਬਣਕੇ ਜ਼ਬਰਾ ਦੇ।
ਕਿਸਮਤ ਆਪੋ-ਆਪਣੀ ਕਈ ਹਾਲਾਤ ਹੱਥੋ ਗੁੱਲ ਹੋ ਜਾਂਦੇ ਨੇ ਕਈ ਦੀਵੇ
ਉਹਨਾਂ ਦੀ ਹਰ ਹਰਸ਼ਾ ਪੂਰੀ ਕਰਦੇ ਦੀਵਿਆਂ ਵਿੱਚ ਤੇਲ ਪਾਉਂਦੇ ਜੋ ਸ਼ਰਧਾ
ਵਾਲਾ ਨਾਲ ਸਬਰਾਂ ਦੇ।

•

## ਸਪੇਰਾ

ਭਲਾ ਕੀ ਲੋੜ ਹੈ ਸਪੇਰੇ ਨੂੰ ਸੱਪ ਕੀਲਣ ਦੀ
ਜੇ ਨਾਗ ਫਨੀਅਰ ਆਪ ਹੀ ਆ ਕੇ
ਪਟਾਰੀ ਵਿੱਚ ਵੜ ਜਾਵੇ।
ਪਹਿਲਾਂ ਬੀਨ ਵਜਾਵੇਗਾ ਫਿਰ ਤਨ
ਉੱਤੇ ਮਣਕੇ ਛੁਹਾਵੇਗਾ ਰੱਬ ਨਾ ਕਰੇ
ਜੇ ਕਿਤੇ ਨਾਗ ਜ਼ਹਿਰੀ ਲੜ ਜਾਵੇ।
ਉਂਝ ਤਾਂ ਪੁੱਤ ਜੋਗੀਆਂ ਦੇ ਆਪਣੇ
ਛੋਟੇ-ਛੋਟੇ ਡੰਗ ਮਰਵਾਉਂਦੇ ਹੀ ਰਹਿੰਦੇ ਨੇ
ਉਹ ਮਰਦੇ ਨਹੀਂ ਸਗੋਂ ਨਸ਼ਾ ਚੜ੍ਹ ਜਾਵੇ।
ਜਸਮੀਤ ਕਈ ਵਾਰੀ ਉਦੋਂ ਕਹਿੰਦੇ-ਕਹਾਉਂਦੇ ਜੋਗੀ
ਦੇ ਪੈਰਾਂ ਥੱਲੋਂ ਵੀ ਜ਼ਮੀਨ ਨਿਕਲ ਜਾਂਦੀ ਏ
ਜਦੋਂ ਨਾਗ ਅੜੀਅਲ ਮੂਹਰੇ ਅੜ੍ਹ ਜਾਵੇ।

•

## ਪੰਡ

ਇੱਕ ਦਿਨ ਲੈ ਹੀ ਲਊਗੀ ਤੇਰੀ ਲਾਡਲੀ-ਲਾਡੋ ਰਾਣੀ ਦੀ ਜਾਨ।
ਨੀ ਮਾਂ ਇਹ ਪੰਡ ਕੱਖਾਂ ਦੀ।
ਜਦੋਂ ਪੰਡ ਲੈ ਕੇ ਆਵਾਂ ਮੋੜਾਂ ਤੇ ਖੜ੍ਹਦੇ ਮੁੰਡੇ ਜਾਣ-ਜਾਣ।
ਨੀ ਮਾਂ ਇਹ ਪੰਡ ਕੱਖਾਂ ਦੀ।
ਤਰਸ ਖਾਂ ਕੇ ਜੱਟ ਵਿਚਾਰਾ ਆਪਣੇ ਖੇਤੋਂ ਖੋਤਣ
ਦੇ ਦੇਵੇ ਉਂਞ ਗੱਲਾਂ ਬੜੀਆਂ ਬਣਾਉਂਦਾ ਹੋਵੇਗਾ ਇਹ ਜਹਾਨ।
ਨੀ ਮਾਂ ਇਹ ਪੰਡ ਕੱਖਾਂ ਦੀ।
ਸਿਰ ਉੱਪਰ ਚੱਕ ਕੇ ਘਰੇ ਲਿਆਉਣ ਨਾਲ ਵਧਦੀ ਵੀ ਨਹੀਂ ਸ਼ਾਨ।
ਨੀ ਮਾਂ ਇਹ ਪੰਡ ਕੱਖਾਂ ਦੀ।
ਲੰਬਾ ਪੈਂਡਾ ਪਿਆਸੀਆਂ ਬੁੱਲ੍ਹੀਆਂ ਉੱਤੋਂ ਲੋਕੀ ਤੱਕਦੇ
ਵੈਸ਼ੀ ਨਜ਼ਰਾਂ ਤਾਣ-ਤਾਣ।
ਨੀ ਮਾਂ ਇਹ ਪੰਡ ਕੱਖਾਂ ਦੀ।
ਘੁਲਣਾ ਪੈਂਦਾ ਇਸ ਪੰਡ ਨਾਲ ਨਿੱਤ ਹੀ ਮੈਨੂੰ ਕਾਹਦਾ ਕਰਾਂ ਗੁਮਾਨ।
ਨੀ ਮਾਂ ਇਹ ਪੰਡ ਕੱਖਾਂ ਦੀ।
ਲੰਬਾ ਸਿਲਸਿਲਾ ਕਦੇ ਮੱਥੇ ਵੱਟ ਨਹੀਂ ਪਾਇਆ
ਚਿਹਰੇ ਤੇ ਰੱਖੀ ਮੁਸਕਾਨ।
ਨੀ ਮਾਂ ਇਹ ਪੰਡ ਕੱਖਾਂ ਦੀ।
ਜਸਮੀਤ ਦੱਸੀਂ ਕਦੋਂ ਮੁੱਕੂ ਇਹ ਕੰਮ ਕਰ ਦਿੰਦਾ ਮੈਨੂੰ ਪਰੇਸ਼ਾਨ।
ਨੀ ਮਾਂ ਇਹ ਪੰਡ ਕੱਖਾਂ ਦੀ।

•

## ਲਿਖਤਾਂ

ਕਿਤੇ ਕੋਈ ਨਕਲਚੀ ਨਾ ਕਹਿ ਦੇਵੇ
ਤਾਂ ਹੀ ਲਿਖਦਾ ਨਹੀਂ ਮੈਂ ਕਿਸੇ ਨੂੰ ਪੜ੍ਹਕੇ।
ਕਈ ਵਾਰੀ ਮੈਂ ਲਿਖਦਾ ਹਾਂ ਰਾਤਾਂ ਨੂੰ
ਤੋਕੜ ਮੱਝ ਦੇ ਸੰਘਣੇ ਦੁੱਧ ਵਾਂਗੂੰ ਕੜ੍ਹਕੇ।
ਸਿਆਲਾਂ ਵਿੱਚ ਲਿਖਾਂ
ਸੀਤ ਹਵਾਵਾਂ ਵਿੱਚ ਬਹਿ ਕੇ
ਗਰਮੀਆਂ ਵਿੱਚ ਲਿਖਾਂ ਮੈਂ
ਗਰਮ ਹਵਾਵਾਂ ਅੱਗੇ ਖੜ੍ਹਕੇ।
ਮੁੱਲ ਪਾਇਆ ਰੱਬ ਨੇ ਆਪੇ
ਕੀ ਮੁੱਲ ਪਵਾ ਲੈਂਦਾ ਮੈਂ
ਲਿਖਤਾਂ ਦਾ ਕਿਸੇ ਨਾਲ ਲੜ੍ਹਕੇ।
ਇੱਕ ਨੂੰ ਲਿਖਣ ਤੋਂ ਪਹਿਲਾਂ ਯਾਦ ਕਰਦਾ ਹਾਂ
ਇੱਕ ਨੂੰ ਬੈਠਾ ਹਾਂ ਸੀਨੇ ਉੱਤੇ ਮੜ੍ਹਕੇ।
ਰਾਤਾਂ ਨੂੰ ਉੱਠ ਕੇ ਲਿਖਣਾ ਪੈਂਦਾ
ਜਦੋਂ ਅੱਖ ਖੁੱਲ੍ਹ ਜਾਂਦੀ ਨਾਲ ਪੈੜ ਚਾਲ ਦੇ ਖੜਕੇ।
ਸ਼ਾਇਦ ਮੋਹ ਹੋਰ ਵਧਾਉਣ ਲਈ ਹੀ
ਪੱਤਾ ਪੈਰ ਚੁੰਮੇ ਰੁੱਖ ਦੇ ਟਾਹਣੀ ਨਾਲੋਂ ਝੜ੍ਹਕੇ।
ਜਸਮੀਤ ਵਿਛੋੜੇ ਤੋਂ ਵੱਡਾ ਦੁੱਖ ਕੋਈ ਨਾ
ਦਿਲ ਡਰ ਜਾਂਦਾ ਜਦੋਂ ਵੀ ਅੱਖ ਮੇਰੀ ਫਰਕੇ।

•

## ਕੋਸ਼ਿਸ਼

ਕੋਸ਼ਿਸ਼ ਕਰਨ ਵਾਲਿਆਂ ਦੀ
ਕਦੇ ਵੀ ਹਾਰ ਨਹੀਂ ਹੁੰਦੀ।
ਕੋਈ ਵੀ ਗੱਲ ਰੱਬ ਦੇ
ਹੁਕਮ ਤੋਂ ਬਾਹਰ ਨਹੀ ਹੁੰਦੀ।
ਮੂਰਖ ਸਮਝਦੇ ਨੇ
ਪਰ ਕੁੜੀ ਕਿਸੇ ਤੇ ਭਾਰ ਨਹੀਂ ਹੁੰਦੀ।
ਆਪਣੀ ਕਲਾ ਵਧਾਉਣ ਲਈ
ਕਹੀ ਗੱਲ ਹੰਕਾਰ ਨਹੀਂ ਹੰਦੀ।
ਜਸਮੀਤ ਲਾਲਚ ਵਿੱਚ ਪਾਈ ਯਾਰੀ
ਰੂਹ ਦਾ ਪਿਆਰ ਨਹੀਂ ਹੁੰਦੀ।
ਵੱਡਿਆਂ ਦੀ ਇੱਜ਼ਤ ਨਾ ਕਰਾਵੇ ਉਹ
ਸਿੱਖਿਆਂ ਚੰਗਾ ਸੰਸਕਾਰ ਨਹੀਂ ਹੁੰਦੀ।
ਮਜ਼ਲੂਮਾਂ ਦੀ ਰੱਖਿਆ ਲਈ ਚੱਕੀ ਤਲਵਾਰ
ਜ਼ਾਲਮ ਤਲਵਾਰ ਨਹੀਂ ਹੁੰਦੀ।

•

## ਰਾਹ

ਅਸੀਂ ਤੁਰ ਪਏ ਹਾਂ ਜਿਨ੍ਹਾਂ ਰਾਹਾਂ ਤੇ
ਉਹਨਾਂ ਤੋਂ ਹੁਣ ਸਾਨੂੰ ਤੁਸੀਂ ਮੋੜਿਓ ਨਾ।
ਵਿਯੋਗ ਸਾਡੇ ਵਿੱਚ ਐਵੇਂ ਤੁਸੀਂ ਨੈਣਾ
ਆਪਣਿਆਂ ਵਿੱਚੋਂ ਹੰਝੂ ਖਾਰੇ ਰੋੜ੍ਹਿਓ ਨਾ।
ਮੰਨਿਆ ਕਿ ਅਸੀਂ ਮੁੜ ਕੇ ਨਹੀਂ ਆਉਣਾ
ਪਰ ਨਾਤੇ ਸਾਡੇ ਨਾਲੋਂ ਦਿਲਾਂ ਵਾਲੇ ਤੋੜਿਓ ਨਾ।
ਅਸੀਂ ਤੁਹਾਡੇ ਲਈ ਹੀ ਐਨੇ ਔਖੇ ਰਾਹ ਚੁਣੇ
ਨੇ ਪਰ ਤੁਸੀ ਜਿੰਦ ਸਾਡੀ ਨੂੰ ਝੰਜੋੜਿਓ ਨਾ।
ਸਿਮ ਪੈਣਗੇ ਸਾਡੇ ਫੱਟ ਅੱਲ੍ਹੇ ਮੱਲ੍ਹਮਾਂ ਲਾਉਣ ਵੇਲੇ
ਉਹਨਾਂ ਨੂੰ ਤੁਸੀਂ ਰਤਾ ਵੀ ਘਰੋੜਿਓ ਨਾ।
ਜਸਮੀਤ ਛੱਡ ਦਿੱਤੇ ਜਿਹੜੇ ਬੇਮੰਜ਼ਿਲੇ ਰਾਹ ਅਸੀਂ
ਉਹਨਾਂ ਤੇ ਹੁਣ ਤੁਸੀਂ ਵੀ ਕਦੇ ਬਹੁੜਿਓ ਨਾ।

•

## ਉਹ ਕਦੇ

ਨਿੱਕੀ ਉਮਰੇ ਵੱਡੀਆਂ ਪੁਲਾਂਗਾਂ ਪੱਟਦੇ ਨੇ ਜਿਹੜੇ
ਉਹ ਕਦੇ ਮਾਰ ਨਹੀਂ ਖਾਂਦੇ।
ਹਰ ਵੇਲੇ ਬੁੱਲ੍ਹਾਂ ਤੇ ਨਾਲ ਰੱਬ ਦਾ ਰੱਟਦੇ ਨੇ ਜਿਹੜੇ
ਉਹ ਕਦੇ ਮਾਰ ਨਹੀਂ ਖਾਂਦੇ।
ਦੇਸ਼ ਕੌਮ ਲਈ ਮੈਦਾਨ ਵਿੱਚ ਡੱਟਦੇ ਨੇ ਜਿਹੜੇ
ਉਹ ਕਦੇ ਮਾਰ ਨਹੀਂ ਖਾਂਦੇ।
ਪੰਥ ਲਈ ਹਰ ਸਜ਼ਾ ਹੱਸਕੇ ਕੱਟਦੇ ਨੇ ਜਿਹੜੇ
ਉਹ ਕਦੇ ਮਾਰ ਨਹੀਂ ਖਾਂਦੇ।
ਅਮਰ ਹੁੰਦੇ ਮਹਿਮਾਨ ਬਿੰਦ-ਝੱਟ ਦੇ ਨੇ ਜਿਹੜੇ
ਉਹ ਕਦੇ ਮਾਰ ਨਹੀਂ ਖਾਂਦੇ।
ਬਣ ਕੇ ਜਸਮੀਤ ਜਸ ਜੱਗ ਦਾ ਖੱਟਦੇ ਨੇ ਜਿਹੜੇ
ਉਹ ਕਦੇ ਮਾਰ ਨਹੀਂ ਖਾਂਦੇ।

•

## ਚੰਨ

ਹੁਣ ਲੂਣ ਦੀ ਡਲੀ ਵਾਂਗੂੰ ਖੁਰੀ ਜਾਨੇ ਆਂ।
ਅਸੀਂ ਬੈਠੇ ਇੱਕੋ ਗੱਲ ਉੱਤੇ ਝੁਰੀ ਜਾਨੇ ਆਂ।
ਜਦੋਂ ਚੰਨ ਦੇ ਵਿਯੋਗ ਵਿੱਚ ਅਸੀਂ
ਬਿਸਕੁਟ ਵਾਂਗੂੰ ਭੁਰੇ ਹੋਏ ਸਾਂ।
ਉਦੋਂ ਲੱਭਣ ਲਈ ਆਪਣੇ ਚੰਨ ਨੂੰ
ਅਸੀਂ ਘਰੋਂ ਤੁਰੇ ਹੋਏ ਸਾਂ।
ਇੱਕ ਮੰਦਭਾਗੀ ਖ਼ਬਰ ਮਿਲ ਗਈ ਸਾਨੂੰ
ਜਦੋਂ ਅਸੀਂ ਵਾਪਸ ਮੁੜੇ ਹੋਏ ਸਾਂ।
ਮੇਰੀ ਭਟਕਦੀ ਰੂਹ ਤੇ ਤਰਸਦੇ ਭੋਲੇ
ਨੈਣਾਂ ਤੇ ਤਰਸ ਖਾ ਕੇ ਮੇਰੇ ਵਰਗੇ ਇੱਕ
ਆਸ਼ਕ ਵਿਚਾਰੇ ਨੇ ਦੱਸਿਆ ਮੈਨੂੰ ਰੋ-ਰੋ।
ਜਸਮੀਤ ਮੇਰੇ ਜਾਣ ਪਿੱਛੋਂ ਤੇਰੇ ਵਿਹੜੇ ਵੀ
ਚੰਨ ਚੜ੍ਹਿਆ ਸੀ ਪਰ ਤੈਨੂੰ ਉਡੀਕ-ਉਡੀਕ
ਹੁਣ ਬੱਦਲਾਂ ਦੇ ਉਹਲੇ ਗਿਆ ਏ ਹੋ।
ਮੇਰਾ ਚਿੱਤ ਕਰਦਾ ਸੀ ਬਣਕੇ ਚਕੋਰ
ਮਾਰਾਂ ਹੁਣੇ ਹੀ ਉਡਾਰੀ ਪਰ ਉਦੋਂ ਮੇਰਾ ਚੰਨ
ਦੂਰ ਹੋ ਗਿਆ ਸੀ ਮੈਥੋਂ ਕਈ ਕੋਹ।

•

# ਕਿਸਾਨ

ਹੈ ਕੋਈ ਕਿਸਾਨ ਤੋਂ ਬਿਨਾ ਦੂਜਾ
ਜਿਹੜਾ ਫਸਲਾਂ ਪਾਲ ਕੇ ਵੀ,
ਐਡੇ ਵੱਡੇ-ਵੱਡੇ ਘਾਟੇ ਜਰਦਾ ਏ।
ਹੈ ਕੋਈ ਕਿਸਾਨ ਤੋਂ ਬਿਨਾ ਦੂਜਾ
ਜਿਹੜਾ ਆਪ ਭੁੱਖਾ ਰਹਿਕੇ,
ਲੋਕਾਂ ਦਾ ਢਿੱਡ ਭਰਦਾ ਏ।
ਹੈ ਕੋਈ ਕਿਸਾਨ ਤੋਂ ਬਿਨਾ ਦੂਜਾ
ਜਿਹੜਾ ਲੋਕਾਂ ਦਾ ਤਨ ਢੱਕਣ ਲਈ,
ਰਾਤਾਂ ਨੂੰ ਠਰਦਾ ਏ।
ਉਹਨੂੰ ਵੀ ਕੰਮ ਖੇਤੀ ਦੇ
ਫੇਲ੍ਹ ਕਰਾ ਦੇਣਗੇ
ਪੁੱਤ ਕਿਸਾਨ ਦਾ ਜੋ
ਕਾਲਜ ਦੇ ਵਿੱਚ ਪੜ੍ਹਦਾ ਏ।
ਜਸਮੀਤ ਇਹ ਝਮੇਲੇ ਕਿਸਾਨ ਦੀਆਂ
ਪੁਸ਼ਤਾਂ ਡੋਬ ਦੇਣਗੇ ਉਂਜ ਉਮੀਦਾਂ ਵਾਲਾ ਸੂਰਜ
ਹੋਰਾਂ ਲਈ ਨਿੱਤ ਚੜ੍ਹਦਾ ਏ।

•

## ਸਕੂਨ

ਸ਼ਾਇਦ ਐਨਾ ਸਕੂਨ ਮੈਨੂੰ ਜਿਉਂਦੇ ਜੀ
ਕਦੇ ਵੀ ਨਹੀਂ ਆਇਆ ਹੋਵੇਗਾ।
ਜਿੰਨਾਂ ਸਕੂਨ ਮੇਰੀ
ਭੜਕਦੀ ਰੂਹ ਨੂੰ ਹੁਣ ਆਇਆ
ਜਦੋਂ ਸੁਨਹਿਰੀ ਅੱਖਰਾਂ
ਵਿੱਚ ਕਿਸੇ ਨੇ ਮੇਰਾ ਨਾਮ ਉਕਰਿਆ।
ਜੋ ਕੰਮ ਕਰਵਾਉਣ ਲਈ
ਮੈਂ ਆਪਣਾ ਸਾਰਾ ਜੀਵਨ ਲਗਾ ਦਿੱਤਾ।
ਮੇਰੀ ਮੌਤ ਨੇ ਲੋਕਾਂ ਤੋਂ
ਉਹ ਕੰਮ ਪਲਾਂ ਵਿੱਚ ਕਰਵਾ ਦਿੱਤਾ।
ਵਾਹ-ਵਾਹ ਮੇਰੀ ਮੌਤ
ਤੂੰ ਆਪਣੇ ਜਸਮੀਤ ਨੂੰ ਸੋਹਣਾ
ਤੇ ਦਿਲਖਿੱਚਵਾਂ ਰੰਗ ਵਿਖਾ ਦਿੱਤਾ।

•

## ਅਸੂਲ

ਏਥੇ ਅਕਸਰ ਹੀ ਅਸੂਲਾਂ ਦੀ ਦੀ ਜੰਗ ਵਿੱਚ
ਅਸੂਲਾਂ ਵਾਲੇ ਜਿੱਤ ਜਾਂਦੇ ਨੇ।
ਉਂਞ ਤਮਗੇ ਪਵਾਉਣ ਲਈ ਅਸੂਲ ਤੋੜਨ ਵਾਲੇ ਭੱਜਕੇ ਮੈਦਾਨਾ ਵਿੱਚ ਜਾਂਦੇ ਨੇ।
ਅਸੂਲ ਤੋੜਨ ਵਾਲੇ ਅਖਾੜੇ ਵਿੱਚ ਜਾ ਕੇ ਅਕਸਰ
ਹੀ ਹੋ ਚਿੱਤ ਜਾਂਦੇ ਨੇ।
ਬੇਅਸੂਲੇ ਕੰਨੀ ਕਤਰਾਉਂਦੇ ਅਖਾੜਿਆਂ ਤੋਂ ਅਸੂਲਾਂ ਵਾਲੇ ਹਰੇਕ ਦਾ ਦਿਲ
ਆਪਣੇ ਵੱਲ ਖਿੱਚ ਜਾਂਦੇ ਨੇ।
ਜਸਮੀਤ ਅਸੂਲਾਂ ਵਾਲੇ ਆਪਣੇ ਅਸੂਲਾਂ ਦੀ ਕਸਵੱਟੀ ਪਰਖਣ ਲਈ ਅਖਾੜਿਆ
ਵਿੱਚ ਨਿੱਤ ਜਾਂਦੇ ਨੇ।

•

## ਮੁਸਕਰਾਹਟ

ਹੋਰਾਂ ਨੂੰ ਵੀ ਹਸਾਉਂਦੇ ਨੇ
ਖੁਦ ਮੁਸਕਰਾਉਂਦੇ ਨੇ ਜਿਹੜੇ
ਕੁਝ ਵੀ ਨਹੀਂ ਖੱਟਦੇ
ਹਾਸਿਆਂ ਤੇ ਪਾਬੰਦੀ
ਲਾਉਂਦੇ ਨੇ ਜਿਹੜੇ ਕੋਈ ਵੀ ਨਹੀਂ
ਖੜ੍ਹਦਾ ਉਹਨਾਂ ਦੇ ਨਾਲ
ਸੌਖੇ ਵੇਲੇ ਸੱਜਣ ਭਲਾਉਂਦੇ ਨੇ
ਜਿਹੜੇ ਉਹਨਾਂ ਨਾਲ ਹੋਰ ਵੀ ਤਰ ਜਾਂਦੇ,
ਰੱਬ ਦੀ ਈਨ ਮੰਨਦੇ ਨਾਲੇ ਹੋਰਾਂ ਨੂੰ
ਮੰਨਣਾ ਸਿਖਾਉਂਦੇ ਨੇ ਜਿਹੜੇ।
ਦੁਨੀਆਂ ਯਾਦ ਕਰਦੀ ਉਹਨਾਂ ਨੂੰ
ਜਿੰਦ ਦੇਸ਼ ਕੌਮ ਉੱਤੋਂ ਘੋਲ-ਘੁਮਾਉਂਦੇ ਨੇ ਜਿਹੜੇ।
ਉਹਨਾਂ ਨੂੰ ਸਾਰਾ ਸੰਸਾਰ ਹੀ ਆਪਣਾ ਲੱਗਦਾ
ਅੰਦਰੋਂ ਮੈਂ ਨੂੰ ਮਾਰ ਮੁਕਾਉਂਦੇ ਨੇ ਜਿਹੜੇ।
ਜਸਮੀਤ ਸ਼ਹੀਦੀਆਂ ਵਾਲੀ ਸ਼ਮਾ ਨਾਮ
ਉਹਨਾਂ ਦਾ ਵੀ ਰੁਸ਼ਨਾਉਦੀ
ਖੂਨ ਆਪਣੇ ਦਾ ਤੇਲ ਪਾਉਂਦੇ ਨੇ ਜਿਹੜੇ।

•

## ਸ਼ਾਇਦ ਉਹ

ਜੋ ਕਦੇ ਯਾਰ ਹੁੰਦੇ ਸੀ ਮੇਰੇ
ਪਰ ਹੁਣ ਯਾਰ ਨਹੀਂ
ਮੈਂ ਉਹਨਾਂ ਬਾਰੇ ਕੀ ਸੋਚਦਾ ਹਾਂ
ਸ਼ਾਇਦ ਉਹ ਨਹੀਂ ਜਾਣਦੇ।
ਮੈਨੂੰ ਖੁਸ਼ ਕਰਨ ਲਈ
ਜਿਹੜੇ ਲੋਕ ਕਰਦੇ ਨੇ ਨਿੰਦਿਆ
ਮੇਰੇ ਯਾਰਾਂ ਦੀ
ਮੈਂ ਉਹਨਾਂ ਨੂੰ ਉੱਥੇ ਹੀ ਟੋਕਦਾ ਹਾਂ।
ਸ਼ਾਇਦ ਉਹ ਨਹੀਂ ਜਾਣਦੇ।
ਉਹ ਕਦੇ ਵੀ ਨਾ ਕਰਦੇ ਨਿੰਦਿਆ ਮੇਰੇ ਯਾਰਾਂ ਦੀ
ਜੇ ਉਹ ਜਾਣਦੇ ਹੁੰਦੇ ਕਿ ਮੈਂ ਅੱਜ ਵੀ ਮੇਰੇ ਯਾਰਾਂ ਦਾ
ਚੰਗਾ ਹੀ ਲੋਚਦਾ ਹਾਂ।
ਸ਼ਾਇਦ ਉਹ ਨਹੀਂ ਜਾਣਦੇ।
ਜਸਮੀਤ ਮਨ ਦਾ ਭਾਰ ਹੌਲਾ ਕਰਨ ਲਈ ਕੋਰੇ ਕਾਗਜ਼ ਉੱਤੇ
ਚਾਰ ਅੱਖਰ ਉੱਕਰ ਦਿੱਤੇ ਉਂਜ ਯਾਰਾਂ ਬਾਰੇ ਦੋ ਸ਼ਬਦ
ਬੋਲਣ ਤੋਂ ਵੀ
ਮੈਂ ਆਪਣੇ ਬੁੱਲ੍ਹਾਂ ਨੂੰ ਰੋਕਦਾ ਹਾਂ
ਸ਼ਾਇਦ ਉਹ ਨਹੀਂ ਜਾਣਦੇ।

•

## ਮੇਰੀਆਂ ਲਿਖਤਾਂ

ਨਾ ਮੈਂ ਲਿਖਣਾ ਕਿਸੇ ਤੋਂ ਸਿੱਖਿਆ
ਨਾ ਕਿਸੇ ਨੇ ਮੈਨੂੰ ਲਿਖਣਾ ਸਿਖਾਇਆ
ਨਾ ਮੈਨੂੰ ਕਿਸੇ ਸ਼ੈਅ ਨੇ ਹਸਾਇਆ।
ਨਾ ਮੈਂ ਕਿਸੇ ਸ਼ਖਸ ਨੂੰ ਰਵਾਇਆ।
ਕਿਸੇ ਨਾਲ ਤਕਰਾਰ ਕਿਵੇਂ ਹੁੰਦਾ ਮੇਰਾ
ਮੈਂ ਤਾ ਲਿਖ-ਲਿਖ ਕੇ ਵਖਤ ਟਪਾਇਆ।
ਮੈਂ ਰੁਮਾਂਟਿਕ ਵੀ ਲਿਖ ਲੈਂਦਾ ਸੀ
ਜਦੋਂ ਮੈਨੂੰ ਫੁੱਲਾਂ ਨੇ ਹੁੰਦਾ ਸੀ ਭਰਮਾਇਆ
ਉਦੋਂ ਮੈਥੋਂ ਬੜਾ ਗਮ ਗਿਆ ਲਿਖਿਆ
ਜਦੋਂ ਚਿਹਰਾ ਹੁੰਦਾ ਸੀ ਮੇਰਾ ਕੁਮਲਾਇਆ।
ਕਲਮ ਮੇਰੀ ਨੂੰ ਲਿਖਣ ਦਾ ਚੱਜ ਕਿੱਥੇ
ਇਹ ਖੁਦ ਰੱਬ ਨੇ ਆਪੇ ਲਿਖਵਾਇਆ।
ਮੇਰੀ ਕਲਮ ਵਿੱਚ ਦਮ ਤੁਸੀਂ ਪਰਖਣਾ ਹੈ
ਲੈ ਕੇ ਲਿਖਤਾਂ ਜਸਮੀਤ ਕਚਿਹਰੀ ਤੁਹਾਡੀ ਆਇਆ।

•

## ਸੁਪਨਿਆਂ ਵਿੱਚ

ਸੁਪਨਿਆਂ ਵਿੱਚ ਕਿਉਂ ਆਉਂਦੇ ਨੇ ਉਹ
ਜੇ ਦੁਬਾਰਾ ਨਹੀਂ ਜ਼ਿੰਦਗੀ ਵਿੱਚ ਆਉਣਾ।
ਸਾਨੂੰ ਦਿਨ-ਰਾਤ ਕਿਉਂ ਤੜਫਾਉਂਦੇ ਨੇ ਉਹ
ਹੁਣ ਬੜਾ ਔਖਾ ਲੱਗਦਾ ਏ ਚਿੱਤ ਲਾਉਣਾ।
ਇੱਕ ਪਲ ਵੀ ਨਾ ਵਿਸਰੀ ਯਾਦ ਉਹਨਾਂ ਦੀ
ਉਂਜ ਅਸੀਂ ਚਾਹੁੰਦੇ ਹਾਂ ਨਿੱਤ ਭਲਾਉਣਾ।
ਪਤਾ ਨਹੀਂ ਕੀ ਚੰਗਾ ਲੱਗਦਾ ਏ
ਸਾਡੇ ਸੱਜਣਾ ਨੂੰ ਸਾਨੂੰ ਰਾਤਾਂ ਨੂੰ ਰਵਾਉਣਾ ।
ਜਸਮੀਤ ਕੋਈ ਕੀ ਜਾਣੇ ਕਿੰਨਾ ਔਖਾ ਹੁੰਦਾ ਏ
ਜਾਗਦਾ ਇਸ਼ਕ ਸੀਨੇ ਵਿੱਚ ਥਾਪੜ ਕੇ ਸਵਾਉਣਾ ।
ਉਹਨਾਂ ਦੀ ਦੀਦ ਨੂੰ ਹੀ ਤਰਸਦੇ ਮਰ ਜਾਵਾਂਗੇ ਜੇ
ਛੱਡਿਆ ਨਾ ਖਿਆਲਾਂ ਨੇ ਖਿੱਚ ਪਾਉਣਾ।

•

## ਦੀਦਾਰ

ਜੇ ਹੁੰਦਾ ਰਹੇ ਤੇਰਾ ਦੀਦਾਰ
ਗੱਲ ਤਾਂ ਹੀ ਚੰਗੀ ਏ
ਵਿਛੋੜੇ ਦਿੰਦੇ ਸੱਜਣ ਦੇ ਮਾਰ
ਤਾਂ ਹੀ ਹੋਣਾ ਚਾਹੀਦਾ ਤੇਰਾ ਦੀਦਾਰ
ਗੱਲ ਤਾਂ ਹੀ ਚੰਗੀ ਏ
ਹਰ ਵੇਲੇ ਕਰਦੇ ਰਹੋ ਰੱਬ ਦਾ ਸ਼ੁਕਰਗੁਜ਼ਾਰ
ਗੱਲ ਤਾਂ ਹੀ ਚੰਗੀ ਏ
ਭਰ ਦਿੰਦਾ ਹੈ ਉਹ ਸਭ ਦੇ ਖਾਲੀ ਭੰਡਾਰ
ਹਰ ਵੇਲੇ ਕਰਦੇ ਰਹਿਣਾ ਚਾਹੀਦਾ
ਤਾਂ ਹੀ ਉਹਦਾ ਸ਼ੁਕਰਗੁਜ਼ਾਰ
ਗੱਲ ਤਾਂ ਹੀ ਚੰਗੀ ਏ
ਦੀਦ ਤੇਰੀ ਬਣ ਜਾਂਦੀ ਸਾਡਾ ਸ਼ਿੰਗਾਰ
ਗੱਲ ਤਾਂ ਹੀ ਚੰਗੀ ਏ
ਜਸਮੀਤ ਖਿੜ ਜਾਂਦੀ ਹਰ ਪਾਸੇ ਮਹਿਕਾਂ ਵਾਲੀ ਗੁਲਜ਼ਾਰ
ਤਾਂ ਹੀ ਦੀਦ ਬਣਨੀ ਚਾਹੀਦੀ ਏ ਸ਼ਿੰਗਾਰ
ਗੱਲ ਤਾਂ ਹੀ ਚੰਗੀ ਏ

•

## ਤਾਰੇ

ਸਿੱਲੀਆਂ ਅੱਖਾਂ ਗਿਣਦੀਆਂ ਨੇ ਜਦੋਂ ਰਾਤਾਂ ਨੂੰ ਤਾਰੇ
ਕੀ ਦੱਸਾਂ ਸੱਜਣਾ ਉਦੋਂ ਸਾਡਾ ਕੀ ਹਾਲ ਹੁੰਦਾ ਏ।
ਚੇਤੇ ਆਉਂਦੇ ਨੇ ਜਦੋਂ ਦਿਨ ਤੇਰੇ ਨਾਲ ਗੁਜ਼ਾਰੇ
ਉਹ ਪਲਾਂ ਬਾਰੇ ਸੋਚ-ਸੋਚ ਕੇ ਬੁਰਾ ਹਾਲ ਹੁੰਦਾ ਏ।
ਜਦੋਂ ਸੀਨੇ ਉੱਤੇ ਚੱਲਦੇ ਨੇ ਜਜ਼ਬਾਤਾਂ ਦੇ ਤਿੱਖੇ ਆਰੇ
ਕੀ ਦੱਸਾਂ ਸੱਜਣਾ ਉਦੋਂ ਸਾਡਾ ਕੀ ਹਾਲ ਹੁੰਦਾ ਏ।
ਜਦੋਂ ਅਰਮਾਨ ਸੂਲੀ ਉੱਤੇ ਚੜ੍ਹ ਜਾਂਦੇ ਨੇ ਸਾਰੇ
ਕੀ ਦੱਸਾਂ ਸੱਜਣਾ ਉਦੋਂ ਸਾਡਾ ਕੀ ਹਾਲ ਹੁੰਦਾ ਏ।
ਤੇਰਾ ਹੀ ਰੁਮਾਲ ਪੂੰਝਦਾ, ਪੈ ਜਾਂਦੇ ਜਦੋਂ ਅੱਥਰੂ ਭਾਰੇ।
ਕੀ ਦੱਸਾਂ ਸੱਜਣਾ ਉਦੋਂ ਸਾਡਾ ਕੀ ਹਾਲ ਹੁੰਦਾ ਏ।
ਜਦੋਂ ਸੋਚਾਂ ਜੇ ਉਹ ਦਿਨ ਮੁੜ ਆ ਜਾਣ ਦੁਆਰੇ
ਕੀ ਦੱਸਾਂ ਸੱਜਣਾ ਉਦੋਂ ਸਾਡਾ ਕੀ ਹਾਲ ਹੁੰਦਾ ਏ
ਜਸਮੀਤ ਨੂੰ ਹਰ ਪਲ ਹੀ ਆਉਂਦੇ ਨੇ ਜੰਨਤ ਦੇ ਨਜ਼ਾਰੇ
ਜਦੋਂ ਸੋਚਾਂ ਵਿੱਚ ਸੱਜਣਾ ਤੇਰਾ ਖਿਆਲ ਹੁੰਦਾ ਏ।
ਕੀ ਦੱਸਾਂ ਸੱਜਣਾ ਉਦੋਂ ਸਾਡਾ ਕੀ ਹਾਲ ਹੁੰਦਾ ਏ।

•

## ਘੜਾ

ਕਿਤੇ ਭਰ ਨਾ ਜਾਵੇ ਘੜ੍ਹਾ ਤੇਰਾ
ਰਾਹਾਂ ਦੀ ਧੂੜ੍ਹ ਦਬਾਉਣ ਲਈ
ਪੰਜ ਸੱਤ ਚੂਲੀਆਂ ਇਹਦੇ
ਵਿੱਚੋਂ ਤੂੰ ਕਦੇ ਛਿੜਕ ਵੀ ਦਿਆ ਕਰ।
ਮੰਨਦੇ ਹਾਂ ਕਿ ਦੁੱਧ ਤੋਂ ਦਹੀਂ
ਜਮਾਉਣੀ ਤਾਂ ਤੈਨੂੰ ਆ ਗਈ
ਪਰ ਲੋਕਾਂ ਨੂੰ ਲੱਸੀ ਪਿਲਾਉਣ
ਅਤੇ ਮੱਖਣ ਖਵਾਉਣ ਦੇ ਲਈ
ਦਹੀਂ ਨੂੰ ਤੂੰ ਕਦੇ ਰਿੜਕ ਵੀ ਦਿਆ ਕਰ ।
ਜਸਮੀਤ ਕੋਰੇ ਕਾਗਜ਼ ਦੀ ਹਿੱਕ ਉੱਤੇ
ਕਲਮ ਨਾਲ ਕੀ ਉੱਕਰਦਾ ਰਹਿੰਦਾ ਏ
ਤੂੰ ਕਦੇ ਸਾਨੂੰ ਵਿੜਕ ਵੀ ਦਿਆ ਕਰ।
ਵਿਸ਼ੇ ਤੇ ਵਿਕਾਰ ਜਦੋਂ ਵੀ ਤੈਨੂੰ ਰੱਬ ਨੂੰ
ਭੁਲਾਉਣ ਲਈ ਕਹਿੰਦੇ ਨੇ ਉਦੋਂ ਝੱਟ ਹੀ
ਤੂੰ ਉਹਨਾਂ ਨੂੰ ਝਿੜਕ ਵੀ ਦਿਆ ਕਰ।

•

## ਸੇਜ

ਅਸੀ ਤੇਰੇ ਲਈ
ਸੇਜ ਸਜਾਉਂਦੇ ਰਹਿਗੇ,
ਤੋੜ-ਤੋੜ ਸੋਹਣੇ ਫੁੱਲ ਬਾਗਾਂ ਚੋਂ।
ਕਿਸੇ ਲਈ ਪਿੰਜਰੇ ਵਿੱਚ
ਕੈਦ ਹੋਇਆ ਨਹੀਂ ਜਾਂਦਾ,
ਕਦੇ ਪੰਛੀ ਅਜ਼ਾਦ ਤੋਂ।
ਪਰ ਅਸੀਂ ਤੇਰੇ
ਲਈ ਪਿੰਜਰੇ ਵਿੱਚ ਕੈਦ
ਵੀ ਹੋ ਗਏ ਕੀ
ਖੱਟਿਆ ਤੈਨੂੰ ਚਾਹ ਕੇ
ਨਾਲੇ ਤੇਰੀਆਂ ਯਾਦਾਂ ਚੋਂ।
ਬੜੀ ਮਾੜੀ ਗੱਲ ਹੈ ਸੱਜਣਾ ਜਸਮੀਤ ਨੇ
ਆਪਣੀ ਅਜ਼ਾਦੀ ਦੀ ਦੁਆ ਵੀ ਨਹੀਂ ਸੁਣੀ
ਬੁੱਲ੍ਹਾਂ ਤੇਰਿਆਂ ਦੀਆਂ ਫਰਿਆਦਾਂ ਚੋਂ।

•

## ਗੁਨਾਹ

ਜਿਹੜਾ ਗੁਨਾਹ ਮੈਂ ਕੀਤਾ ਹੀ ਨਹੀਂ
ਭਲਾ ਬਿਨ ਕਸੂਰੋਂ
ਕਿਉਂ ਮਿਲੀ ਮੈਨੂੰ ਉਸਦੀ ਸਜ਼ਾ।
ਤਨ ਦੇ ਫੱਟ ਭਰ ਜਾਂਦੇ ਮੱਲ੍ਹਮਾਂ ਨਾਲ
ਮਨ ਵਾਲੀ ਸੱਟ ਦੀ ਹੁੰਦੀ ਨਹੀਂ ਦਵਾ।
ਕਿਸੇ ਦੇ ਵਾਅਦੇ ਅੱਜ ਲਾਰੇ ਬਣਗੇ ਨੇ
ਪਰ ਅਸੀਂ ਆਪਣਾ ਹਰ ਫਰਜ਼ ਕੀਤਾ ਅਦਾ।
ਜਿੰਦ ਰੋਲ ਕੇ ਦੱਸਣ ਦਾ ਕੀ ਫਾਇਦਾ
ਪਹਿਲਾ ਦੱਸ ਦਿੰਦੇ ਅਸੀਂ ਸਕਦੇ ਨਹੀਂ ਨਿਭਾ।
ਸਾਡੇ ਲਈ ਫੱਟ ਹਿਜ਼ਰਾਂ ਦੇ ਸਹਿਣੇ ਔਖੇ ਨੇ
ਕਿਸੇ ਨੂੰ ਜ਼ੁਲਮ ਕਰਕੇ ਆਉਂਦਾ ਮਜ਼ਾ।
ਸਾਨੂੰ ਨਿਰਦੋਸ਼ਿਆਂ ਨੂੰ ਐਡੀ ਸਜ਼ਾ ਦੇਣ ਵਾਲੇ
ਸਦਾ ਖੁਸ਼ ਰਹਿਣ ਇਹੀ ਹੈ ਜਸਮੀਤ ਦੀ ਦੁਆ
ਮੁੱਖੋਂ ਉਹਨਾਂ ਨੂੰ ਕਦੇ ਵੀ ਮੰਦਾ ਨਹੀਂ ਕਹਿਣਾ
ਅਸੀਂ ਮੰਨ ਲਵਾਂਗੇ ਰੱਬ ਦੀ ਰਜ਼ਾ।

•

## ਯਾਦ

ਕਦੇ ਯਾਦ ਤੇਰੀ ਹਸਾਵੇ
ਕਦੇ ਯਾਦ ਤੇਰੀ ਰਵਾਵੇ
ਦੱਸ ਯਾਦ ਤੇਰੀ ਦੋ-ਦੋ
ਰੂਪ ਕਿਵੇਂ ਧਾਰ ਲੈਂਦੀ ਏ।
ਲਾਂਬੂ ਲਾ ਕੇ ਸਾਡੇ ਸੀਨੇ
ਵਿੱਚ ਚਾਵਾਂ ਦੇ ਕਦੇ
ਲਾਂਬੂ ਲਾ ਕੇ ਹਿਜ਼ਰਾ ਦੇ
ਦੱਸ ਆਪਣਾ ਸੀਨਾ
ਕਿਵੇਂ ਠਾਰ ਲੈਂਦੀ ਏ
ਸਾਨੂੰ ਤਾਂ ਤੇਰੀਆਂ ਜੁਦਾਈਆਂ ਵਿੱਚ
ਇੱਕ-ਇੱਕ ਪਲ ਕੱਟਣਾ
ਔਖਾ ਹੋ ਗਿਆ ਏ।
ਜਿੰਦ ਤੇਰੀ ਇਕੱਲਾਪਣ
ਦੱਸ ਕਿਵੇਂ ਗੁਜ਼ਾਰ ਲੈਂਦੀ ਏ।
ਅਸੀਂ ਤਾਂ ਯਾਦ ਤੇਰੀ ਤੋਂ ਬੜਾ
ਬਚਦੇ ਹਾਂ ਪਰ ਸਮਝ ਨਾ ਆਵੇ ਜਸਮੀਤ ਨੂੰ
ਬਣਾ ਕਿਵੇਂ ਆਪਣਾ ਸ਼ਿਕਾਰ ਲੈਂਦੀ ਏ।

•

## ਗੱਲ ਦਿਲ ਤੇ

ਇੱਕ ਪਲ ਵੀ ਆਉਣ ਨਹੀਂ ਦਿੰਦੀ ਚੈਨ,
ਗੱਲ ਦਿਲ ਤੇ ਲੱਗੀ ਹੁੰਦੀ ਏ ਜਿਹੜੀ।
ਸੋਚ-ਸੋਚ ਕੇ ਨੈਣੋਂ ਹੰਝੂ ਵਗਦੇ ਰਹਿਣ,
ਗੱਲ ਦਿਲ ਤੇ ਲੱਗੀ ਹੁੰਦੀ ਏ ਜਿਹੜੀ।
ਬੁੱਲੀਆਂ ਨੂੰ ਕੁੱਝ ਵੀ ਦਿੰਦੀ ਨਹੀਂ ਕਹਿਣ,
ਗੱਲ ਦਿਲ ਤੇ ਲੱਗੀ ਹੁੰਦੀ ਏ ਜਿਹੜੀ।
ਜਸਮੀਤ ਆਸ਼ਕ ਵਿਚਾਰੇ ਭਲਾ ਕਿਵੇਂ ਸਹਿਣ,
ਗੱਲ ਦਿਲ ’ਤੇ ਲੱਗੀ ਹੁੰਦੀ ਏ ਜਿਹੜੀ।
ਟਿਕ ਕੇ ਮੰਜੇ ਤੇ ਦਿੰਦੀ ਨਹੀਂ ਪੈਣ,
ਗੱਲ ਦਿਲ ਤੇ ਲੱਗੀ ਹੁੰਦੀ ਏ ਜਿਹੜੀ।

•

# ਮਿਲਦੇ

ਕੱਖੋਂ ਹੋ ਗਏ ਆ ਭਾਵੇਂ ਲੱਖ ਸੱਜਣਾ
ਪਰ ਹੋ ਕੇ ਤੈਥੋਂ ਹੁਣ ਵੱਖ ਸੱਜਣਾ
ਤੇਰੇ ਨੈਣਾਂ ਵਾਲੇ ਨਜ਼ਾਰੇ ਨਾ ਮਿਲਦੇ।
ਜ਼ੁਲਫਾਂ ਤੇਰੀਆਂ ਦੇ ਹੁਲਾਰੇ ਨਾ ਮਿਲਦੇ।
ਅੱਜ ਅਸੀਂ ਤੈਨੂੰ ਬੇਸਹਾਰੇ ਨਾ ਮਿਲਦੇ।
ਜੇ ਕਦੇ ਸਾਨੂੰ ਤੇਰੇ ਸਹਾਰੇ ਨਾ ਮਿਲਦੇ।
ਤਰਸ ਗਏ ਅਸੀਂ ਸੁਣਨੇ ਨੂੰ ਪਰ ਤੇਰੀਆਂ
ਬੁੱਲ੍ਹੀਆਂ ਦੇ ਦੋ ਬੋਲ ਪਿਆਰੇ ਨਾ ਮਿਲਦੇ।
ਤੂੰ ਟਿੱਬਿਆਂ ਉੱਤੇ ਉੱਗਿਆ ਹੋਇਆ ਫੁੱਲ ਸੀ
ਦਿਲ ਸਾਡੇ ਨੂੰ ਪੁੱਛ ਕਿੰਨਾ ਤੇਰਾ ਮੁੱਲ ਸੀ
ਜੇ ਜਸਮੀਤ ਤੋਂ ਦੂਰ ਨਾ ਹੁੰਦਾ ਤੂੰ ਤਾਂ ਸਾਡੇ
ਨੈਣ ਹੰਝੂਆਂ ਨਾਲ ਸ਼ਿੰਗਾਰੇ ਨਾ ਮਿਲਦੇ।
ਜਿੰਨਾ ਸਕੂਨ ਤੇਰੀ ਦੀਦ ਵਿੱਚ ਸੀ ਸੱਜਣਾ
ਹੁਣ ਉਹ ਸੁੱਖ ਬਲਖ ਨਾ ਬੁਖਾਰੇ ਮਿਲਦੇ।

•

## ਪਰਵਾਨਗੀ

ਵੱਡੇ ਕਲਾਕਾਰਾਂ ਦੇ ਵਾਂਗੂੰ
ਮੈਂ ਵੀ ਸਭ ਦਾ
ਛੇਤੀ ਸਾਂਝਾ ਹੋ ਜਾਵਾਂਗਾ
ਜੇ ਕਿਤੇ ਕਰ ਲਿਆ
ਲੋਕਾਂ ਨੇ ਪਰਵਾਨ ਮੈਨੂੰ।
ਇੱਕ ਨੇ ਜਾਨ ਬਣਾਕੇ
ਏਥੋਂ ਤੱਕ ਪਹੁੰਚਾ ਦਿੱਤਾ
ਖੌਹਰੇ ਕੈਸੇ ਰੰਗ ਹੋਣਗੇ
ਐਨੇ ਲੋਕਾਂ ਬਣਾ ਲਿਆ
ਜਦੋਂ ਆਪਣੀ ਜਾਨ ਮੈਨੂੰ।
ਤਾਹੀਂ ਅੱਜ ਜਸਮੀਤ ਦਿਲੋਂ
ਉਹਨਾਂ ਨੂੰ ਝੁਕ ਕੇ
ਗੱਜਵੀ ਫਤਿਹ ਬੁਲਾਉਂਦਾ ਹਾਂ
ਹੋਣ ਲਾਉਣਗੇ ਜੋ ਕਦੇ
ਜੱਗ ਉੱਤੇ ਸਲਾਮ ਮੈਨੂੰ।

•

## ਯਾਦਾਂ ਦੇ ਹੰਝੂ

ਕਿਤੇ ਮਿਲ ਕੇ ਫੇਰ ਵਿਛੜ ਨਾ ਜਾਈਏ
ਤਾਂ ਹੀ ਤਾਂ ਲੋਕਾਂ ਦੇ ਨਾਲ ਅਸੀਂ
ਹੁਣ ਮੋਹ ਨਹੀਂ ਵਧਾਉਂਦੇ।
ਕਦੇ ਇੱਕ ਚੰਨ ਵਰਗਾ ਚਿਹਰਾ
ਸਾਡੇ ਨੈਣਾ ਨੂੰ ਦਿਸਦਾ ਸੀ
ਜੀਹਨੂੰ ਜਾਨੋ ਵੱਧ ਕੇ ਅਸੀਂ ਸੀ ਚਾਹੁੰਦੇ।
ਪਤਾ ਨਹੀਂ ਉਹਦਾ ਕੀ ਹਾਲ ਹੋਵੇਗਾ
ਪਰ ਅਸੀਂ ਮੁਲਾਕਾਤਾਂ ਵਾਲੇ ਥਾਂ ਤੇ
ਰੂਹ ਆਪਣੀ ਫਿਰਦੇ ਹਾਂ ਭਟਕਾਉਂਦੇ।
ਹੋਰ ਕਿਸੇ ਲਈ ਸਾਥੋਂ ਅੱਥਰੂ ਵਹਾਏ ਨਹੀਂ ਜਾਣੇ
ਇੱਕ ਦੀਆਂ ਯਾਦਾ ਦੇ
ਹੰਝੂ ਬੁੱਲੀਆਂ ਨੂੰ ਮਸਾ ਹਾਂ ਪਿਲਾਉਂਦੇ।
ਉਂਜ ਬੁੱਲੀਆਂ ਨੂੰ ਵੀ ਪੀਣੇ ਬੜੇ ਔਖੇ ਲਗਦੇ ਨੇ
ਜਸਮੀਤ ਦੀਆਂ ਪਲਕਾਂ ਵਿੱਚੋਂ ਮਣਾ-ਮੂੰਹੀਂ ਖਾਰੇ ਹੰਝੂ ਸਿੱਧੇ ਆਉਂਦੇ।

•

## ਰਾਤਾਂ

ਅਸੀਂ ਕਾਲੀਆਂ ਰਾਤਾਂ ਵਿੱਚ ਬਹਿ ਕੇ
ਉਦੋਂ ਤੈਨੂੰ ਯਾਦ ਕਰਦੇ ਹਾਂ ਜਦੋਂ ਤੇਰੇ
ਵਿਹੜੇ ਵਿੱਚ ਚੰਨ ਚੜ੍ਹਿਆ ਹੁੰਦਾ ਏ।
ਉਹਨੂੰ ਛੱਡ ਸਾਥੋਂ ਹੋਰ ਕਿਸੇ ਦੇ ਦਿਲ ਵਾਲੀ
ਕਿਤਾਬ ਪੜ੍ਹ ਨਹੀਂ ਹੁੰਦੀ ਪੱਤਰਾ
ਜੀਹਦੇ ਇਸ਼ਕੇ ਦਾ ਰੀਝ ਨਾਲ
ਪੜ੍ਹਿਆ ਹੁੰਦਾ ਏ।
ਪਰ ਤੂੰ ਲੈਨੀ ਏ ਜਦੋਂ ਸ਼ਰੇਬਜ਼ਾਰ
ਨਜ਼ਰਾਨੇ ਨਵਿਆਂ ਤੋਂ ਉਦੋਂ ਤੇਰਾ
ਇਹ ਕਮਲਾ ਆਸ਼ਕ ਆਪਣੇ ਅੰਦਰ
ਵੜ੍ਹਿਆ ਹੁੰਦਾ ਏ।
ਉਦੋਂ ਕਿਸੇ ਨੂੰ ਕੋਈ ਦਿਲੋਂ ਚਾਹ ਕੇ ਵੀ ਨਹੀਂ ਪਾ ਸਕਦਾ
ਜਦੋਂ ਨਸੀਬ ਕਿਸੇ ਦਾ ਉਹਦੇ ਨਾਲ
ਲੜਿਆ ਹੁੰਦਾ ਏ।
ਸੋਂਹਦੀ ਨਹੀਂ ਚੀਜ਼ ਹੋਰ ਕੋਈ ਵੀ ਏਸ ਜਹਾਨ ’ਤੇ
ਜਦੋਂ ਕੋਈ ਸੱਚਾ ਆਸ਼ਕ ਕਿਸੇ ਦੇ ਇਸ਼ਕ ਵਿੱਚ
ਕੜ੍ਹਿਆ ਹੁੰਦਾ ਏ।
ਆਪਣੀ ਚਾਹਤ ਨੂੰ ਛੱਡ ਕੇ ਹੋਰ ਕਿਸੇ ਨੂੰ ਆਪਣਾ
ਬਣਾ ਨਹੀਂ ਸਕਦਾ ਜਸਮੀਤ ਸੱਚਾ ਆਸ਼ਕ ਜ਼ਿੱਦ ਤੇ
ਅੜ੍ਹਿਆ ਹੁੰਦਾ ਏ।

•

## ਫਰਕ

ਕਿਤੇ ਆਪਣੇ ਵਿੱਚ ਫਰਕ ਨਾ
ਵੱਧ ਜਾਵੇ ਚੱਲ ਬਦਲ
ਲਈਏ ਆਪਾਂ ਇਹ ਥਾਂ ਸੱਜਣਾ।
ਨਾ ਮੈਂ ਤੈਨੂੰ ਮੰਦਾ-ਚੰਗਾ
ਕਿਹਾ ਤੇ ਕਿਹਾ ਕੁਝ ਤੂੰ ਵੀ
ਮੈਨੂੰ ਨਾ ਸੱਜਣਾ।
ਆਪਣੀ ਲੜਾਈ ਹੈ ਅਸੂਲਾਂ ਦੀ
ਇੱਕ ਦੂਜੇ ਦੀ ਜ਼ਿੰਦਗੀ ਵਿੱਚੋਂ
ਹੋ ਨਾ ਜਾਈਏ ਪਰਾਂ ਸੱਜਣਾ।
ਜਦੋਂ ਕੋਲ ਬੈਠੇ ਦਿਲਾਂ ਤੋਂ ਦੂਰ
ਹੁੰਦੇ ਨੇ ਉਦੋਂ ਵੱਸਦੇ ਮਹਿਲ
ਵੀ ਲੱਗਦੇ ਨੇ ਸੁੰਨ-ਸਰਾਂ ਸੱਜਣਾ।
ਤੂੰ ਜਿਹੜੀਆਂ ਕਹੇਂਗਾ ਉਹੀ ਮਿਨਤਾਂ
ਕਰਕੇ ਹੀ ਅਸੀਂ ਲਈਏ ਤੈਨੂੰ ਮਨਾ ਸੱਜਣਾ।
ਜਸਮੀਤ ਨੇ ਕਿਸੇ ਨੂੰ ਮੰਦਾ ਨਹੀਂ ਕਹਿਣਾ ਐਵੇਂ ਹੁਣ
ਨਾ ਹੋਰ ਤੂੰ ਅਜ਼ਮਾ ਸੱਜਣਾ।

•

# ਮੈਂ

ਜੀਹਨੂੰ ਕਦਰ ਨਹੀਂ ਕਿਸੇ ਦੇ
ਦਿਲ ਵਾਲੇ ਜਜ਼ਬਾਤਾਂ ਦੀ
ਕੀ ਕਰਾਂਗਾ ਉਹਨੂੰ
ਦਿਲਦਾਰ ਬਣਾ ਕੇ ਮੈਂ।
ਜੀਹਦੇ ਆਪਣੇ ਹੀ
ਕਾਸੇ ਖਾਲੀ ਖੜ੍ਹਕਦੇ ਨੇ
ਕੀ ਕਰਾਂਗਾ ਉਹਦੇ
ਦਰ ਤੇ ਅਲਖ ਜਗਾ ਕੇ ਮੈਂ।
ਦੱਸੋ ਕਿਹੜੇ ਹੌਂਸਲੇ ਦੇ
ਨਾਲ ਚੁੱਪ ਹੋਵਾਂਗੇ
ਕਿਸੇ ਦੇ ਗਮ ਵਿੱਚ
ਐਨੇ ਅੱਥਰੂ ਵਹਾ ਕੇ ਮੈਂ।
ਫਿਰ ਕੀਹਦੇ ਗਲ
ਲੱਗ ਕੇ ਦੁੱਖ ਸੁਣਾਵਾਂਗਾ
ਤਨ-ਮਨ ਆਪਣੇ ਦਾ ਚੈਨ ਗਵਾ ਕੇ ਮੈਂ।
ਅੱਜ ਤੱਕ ਕਈ ਵਾਰੀ
ਬੜੀ ਦੁਨੀਆਂ ਅਜਮਾ ਲਈ ਮੈਂ।
ਹੁਣ ਹੋਰ ਕਿੰਨੇ ਲੋਕੀਂ
ਵੇਖਾਂਗਾ ਅਜ਼ਮਾ ਕੇ ਮੈਂ।
ਜਸਮੀਤ ਕੀ ਨਫਾ ਖੱਟਾਂਗਾ ਕਿਸੇ ਬੇਕਦਰੇ ਦੀਆਂ ਬੇਕਦਰੀਆਂ
ਯਾਦਾਂ ਨੂੰ ਸਦਾ ਲਈ ਸੀਨੇ ਨਾਲ ਲਾ ਕੇ ਮੈਂ।

•

## ਸਮੁੰਦਰ

ਗਹਿਰੇ ਸਮੁੰਦਰ ਵਿੱਚ ਤਾਂ ਲੋਕੀਂ
ਡੁੱਬ ਹੀ ਜਾਂਦੇ ਨੇ
ਪਰ ਤੂੰ ਤਾਂ ਕਿਨਾਰਿਆਂ ਤੇ ਹੀ ਡੋਬ ਦਿੱਤਾ
ਸਾਨੂੰ ਇਹੋ ਹੀ ਹੈ ਦੁੱਖ ਸੱਜਣਾ।
ਅਸੀਂ ਜੀ ਭਰਕੇ ਕੋਸ ਦਿੰਦੇ ਨਹੀਂ ਤਾਂ ਹਵਾਵਾਂ ਨੂੰ
ਤੋੜ ਚੜ੍ਹਾਉਣ ਦੇ ਵਾਅਦੇ ਕਰਕੇ ਵੀ
ਬਦਲ ਲਿਆ ਜਿਨ੍ਹਾਂ ਨੇ ਆਪਣਾ ਰੁੱਖ ਸੱਜਣਾ।
ਸਮੁੰਦਰ ਦੀਆਂ ਡੋਬੂ
ਲਹਿਰਾਂ ਨੇ ਛੱਲਾਂ ਮਾਰ ਕੇ
ਸਾਡੀ ਬੇੜੀ ਕਿਨਾਰੇ ਕੋਲੇ ਲਾ ਦਿੱਤੀ
ਫੇਰ ਤੂੰ ਹੱਥ ਫੜ ਕੇ ਹੋ ਗਿਆ ਬੇਮੁੱਖ ਸੱਜਣਾ।
ਦਿਲ ਵਿੱਚ ਇੱਕ ਤੈਨੂੰ ਪਾਉਣ
ਦਾ ਚਾਅ ਹੀ ਸਭ ਤੋਂ ਵੱਡਾ ਸੀ
ਪਰ ਅੱਜ ਅਸੀਂ ਦਿਲ ਵਿੱਚ ਲੈ ਚੱਲੇ ਆਂ
ਪਿਆਰ ਤੇਰੇ ਦੀ ਭੁੱਖ ਸੱਜਣਾ।
ਜਸਮੀਤ ਨੂੰ ਤਾਂ ਤੇਰੀ ਹਰ ਜਨਮ ਵਿੱਚ ਹੀ ਲੋੜ ਰਹੂ
ਪਰ ਇਸ ਜਨਮ ਵਾਲੀ ਵੀ ਮਾਫ ਕਰ ਦੇਵੀਂ
ਤੂੰ ਹਰ ਇੱਕ ਭੁੱਲ-ਚੁੱਕ ਸੱਜਣਾ।

•

## ਸਭ ਕੁਝ

ਜੇ ਸਭ ਕੁਝ ਹੀ ਮਿਲ ਜਾਂਦਾ
ਭਲਾ ਕੀ ਨਜ਼ਾਰਾ ਆਉਣਾ ਸੀ ਜਿਉਣ ਦਾ।
ਜੇ ਕੋਈ ਜਾਨੋ ਪਿਆਰਾ
ਨਾ ਰੁੱਸਿਆ ਹੁੰਦਾ
ਕੀ ਨਜ਼ਾਰਾ ਆਉਣਾ ਸੀ ਮਨਾਉਣ ਦਾ।
ਜੇ ਸੁਪਨਿਆਂ ਵਿੱਚ
ਦੀਦ ਨਹੀਂ ਸੀ ਹੋਣੀ
ਕੀ ਨਜ਼ਾਰਾ ਆਉਣਾ ਸੀ ਸੌਣ ਦਾ।
ਕੁਝ ਨਾ ਕੁਝ ਰੰਗ
ਤਾਂ ਵਿਖਾਉਂਦਾ ਹੀ ਏ
ਗਮ ਕਿਸੇ ਨੂੰ ਪਾ ਕੇ ਖੋਹਣ ਦਾ।
ਜੇ ਦਿਲ ਵਿੱਚ ਤਾਂਘ ਨਾ ਹੁੰਦੀ
ਮੁਲਾਕਾਤ ਦਾ ਕੀ ਚਾਅ ਹੋਣਾ ਸੀ
ਤੇਰੇ ਆਉਣ ਦਾ
ਜਸਮੀਤ ਭਲਾ ਡੰਡ ਉਮਰਾਂ ਲਈ ਕਿਉਂ ਮਿਲਦਾ ਏ
ਕਿਸੇ ਨੂੰ ਜਾਨੋਂ ਵੱਧ ਕੇ ਚਾਹੁੰਣ ਦਾ।

•

## ਚੰਨਾ

ਤੂੰ ਏਥੇ ਹੀ ਖੜ੍ਹਾ ਰਹਿ ਚੰਨਾ
ਸਾਥੋਂ ਮੁੱਖ ਨਾ ਮੋੜੀਂ ਮੇਰਾ ਦਿਲ ਨਾ ਤੋੜੀਂ।
ਬੜੀ ਕੋਸੀ-ਕੋਸੀ ਲੱਗਦੀ ਏ ਤੇਰੀ ਲੋਅ।
ਤੇਰੇ ਵਰਗਾ ਹੀ ਇੱਕ ਸੋਹਣਾ ਚੰਨ ਹੁੰਦਾ ਸੀ ਕਦੇ
ਮੇਰਾ, ਤੇਰੇ ਵਾਂਗੂੰ ਮਿੱਠੀ-ਮਿੱਠੀ
ਲੋਅ ਦਿੰਦਾ ਹੁੰਦਾ ਸੀ ਮੈਨੂੰ ਉਹ।
ਅੱਜ ਵੀ ਅੰਗ-ਸੰਗ ਲੱਗਦੀਆਂ ਨੇ ਸਾਨੂੰ
ਉਹਦੀਆਂ ਮਹਿਕਾਂ ਜਿਹੜਾ ਫੁੱਲਾਂ ਵਾਂਗੂੰ ਖਿੜਿਆ ਰਹਿੰਦਾ
ਤੇ ਵੰਡਦਾ ਰਹਿੰਦਾ ਸੀ ਖੁਸ਼ਬੋ।
ਇੰਝ ਲੱਗਦਾ ਜਿਵੇਂ ਕੁਝ
ਪਲ ਪਹਿਲਾਂ ਹੀ ਉਹ ਮੇਰੇ ਕੋਲੇ ਸੀ
ਭਾਵੇਂ ਹੁਣ ਸਾਨੂੰ ਵਿਛੜਿਆਂ ਨੂੰ
ਲੰਬਾ ਅਰਸਾ ਗਿਆ ਏ ਹੋ।
ਤੈਨੂੰ ਵੇਖ ਕੇ ਤੇਰੇ ਵਰਗੇ ਦੀ
ਯਾਦ ਆ ਗਈ ਤਾਂ ਹੀ
ਤੇਰੇ ਕੋਲੇ ਉੱਛਲ ਪਿਆ
ਉਂਜ ਜ਼ਮਾਨੇ ਕੋਲੋਂ ਗੱਲਾਂ
ਰੱਖਦੇ ਹਾ ਲੁਕੋ-ਲੁਕੋ।
ਇੱਕ ਦਿਨ ਮਜਬੂਰੀਆਂ
ਪਾ ਗਈਆਂ ਐਨੀਆਂ ਦੂਰੀਆਂ
ਹੱਥਾਂ ਵਿੱਚੋਂ ਹੱਥ ਛੁਡਾਕੇ
ਪਲਾਂ ਵਿੱਚ ਅੱਖੋਂ ਓਹਲੇ ਹੋ ਗਿਆ ਜਸਮੀਤ ਰੋ-ਰੋ।

•

## ਉਡੀਕ

ਜਾਣ ਤੋਂ ਪਹਿਲਾਂ ਐਨਾ ਦੱਸ ਜਾ ਸੱਜਣਾ
ਮੈਂ ਹੁਣ ਤੇਰੇ ਵਾਪਿਸ ਆਉਣ ਦੀ
ਉਡੀਕ ਰੱਖਾਂ ਕੇ ਨਾ।
ਆਪਣੇ ਦਿਲ ਦੇ ਤਖਤੇ ਤੇ ਲਿਖ ਕੇ ਤੇਰੇ
ਮੁੜ ਆਉਣ ਵਾਲੀ ਖੁਸ਼ੀਆਂ ਭਰੀ
ਤਾਰੀਖ ਰੱਖਾਂ ਕੇ ਨਾ।
ਜਿਹੜੇ ਚੰਨ, ਤਾਰੇ ਤੇ ਫੁੱਲ ਗਵਾਹ ਸੀ ਸਾਡੇ ਪਿਆਰਾਂ
ਦੇ ਆਪਣੇ ਵਿੱਚ ਉਹਨਾਂ ਨੂੰ
ਸ਼ਰੀਕ ਰੱਖਾਂ ਕੇ ਨਾ।
ਮੇਰੀ ਮੌਤ ਤੱਕ ਤੈਨੂੰ ਆਪਣਾ ਸੱਚਾ ਪਿਆਰ
ਵਿਖਾਉਣ ਲਈ ਦਿਲ ਉੱਤੇ
ਨਾਮ ਜਸਮੀਤ ਉਲੀਕ ਰੱਖਾਂ ਕੇ ਨਾ।

•

## ਕਾਲੀ ਰਾਤ

ਇਹ ਕਾਲੀ ਰਾਤ
ਬੜੀ ਗਹਿਰੀ ਏ ਸੱਜਣਾ।
ਮੁੱਢ ਤੋਂ ਮੇਰਿਆਂ
ਚਾਵਾਂ ਦੀ ਵੈਰੀ ਏ ਸੱਜਣਾ।
ਲੱਖਾਂ ਆਸ਼ਕ ਮਾਰੇ ਇਹਨੇ
ਨਾਲੇ ਕੱਲੀ ਕਹਿਰੀ ਏ ਸੱਜਣਾ।
ਗੱਲ ਸੱਚੀ ਦੱਸੀ ਨਾ ਕੀਤੀ ਕੋਈ
ਸ਼ਾਇਰੋ-ਸ਼ਾਇਰੀ ਏ ਸੱਜਣਾ।
ਮੇਰਾ ਸੂਰਜ ਵੀ ਤਾਂ ਏਸੇ ਤੋਂ
ਕਤਲ ਹੋਇਆ ਏ।
ਮੇਰਾ ਚੰਨ ਵੀ ਏਸੇ ਨੇ
ਬੱਦਲਾਂ ਵਿੱਚ ਲਕੋਇਆ ਏ।
ਇਹ ਬੁਝਾ ਦਿੰਦੀ ਚਿਰਾਗ ਉਹਦੇ
ਜਿਹੜਾ ਵੀ ਇਹਦੇ ਕੋਲ ਖਲੋਇਆ ਏ।
ਜਸਮੀਤ ਦੀ ਜ਼ਿੰਦਗੀ ਵਾਲੀ ਮਾਲਾ ਵਿੱਚ
ਗਮਾਂ ਦਾ ਮਣਕਾ ਏਸੇ ਨੇ ਪਰੋਇਆ ਏ।

•

## ਕੁਝ ਮੇਰੇ ਬਾਰੇ

ਕੁਝ ਮੇਰੇ ਬਾਰੇ ਵੀ ਲਿਖ ਸੱਜਣਾ।
ਜਿਸ ਤੋਂ ਦਿਲ ਤੜਵਾਇਆ ਏ ਤੂੰ ਹਰਦਮ ਉਹਦੇ
ਬਾਰੇ ਲਿਖਦਾ ਰਹਿਨਾ ਜੀਹਦਾ ਦਿਲ ਤੋੜਿਆ ਸੀ ਤੂੰ
ਚੇਤੇ ਕਰ ਲੈ ਹੁੰਦੀ ਸੀ ਕੁੜੀ ਇੱਕ ਸੱਜਣਾ।
ਕੁਝ ਮੇਰੇ ਬਾਰੇ ਵੀ ਲਿਖ ਸੱਜਣਾ।
ਤੇਰੀਆਂ ਤਾਰੀਫਾਂ ਲਿਖ ਕੇ ਭਰ ਦਿੱਤੇ ਦਿਲ ਦੇ ਕੋਰੇ ਕਾਗਜ਼
ਤੇ ਘਰ ਦੀਆਂ ਕੰਧਾਂ ਤੇਰੀ ਪਿਆਸ ਬੁਝਾਉਣ ਲਈ
ਭਰ ਲਿਆ ਨੈਣਾਂ ਵਿੱਚ
ਨੀਰ ਹੁਣ ਤੂੰ ਵੀ ਲੈ ਸਾਥੋਂ ਕੁਝ ਸਿੱਖ ਸੱਜਣਾ।
ਕੁਝ ਮੇਰੇ ਬਾਰੇ ਵੀ ਲਿਖ ਸੱਜਣਾ।
ਤੇਰੇ ਗੀਤਾਂ ਦੀ ਮੈਂ ਰਾਣੀ ਬਣ ਜਾਵਾਂ ਜਨਮਾਂ
ਜਨਮਾਂ ਲਈ ਤੇਰੀ ਪ੍ਰੇਮ ਕਹਾਣੀ ਬਣ ਜਾਵਾਂ
ਪਹਿਲਾਂ ਵਾਂਗੂੰ ਹੀ ਰਹੀਏ ਆਪਾਂ
ਹੋ ਕੇ ਇੱਕ ਦੂਜੇ ਨਾਲ ਇੱਕ-ਮਿੱਕ ਸੱਜਣਾ।
ਕੁਝ ਮੇਰੇ ਬਾਰੇ ਵੀ ਲਿਖ ਸੱਜਣਾ।
ਤੇਰੇ ਇਸ਼ਕੇ ਦੇ ਸਾਰੇ ਰੰਗ ਮਾਣ ਲਵਾਂ ਫਿੱਕੇ ਨਾ
ਪੈ ਜਾਣ ਰੰਗ ਮੁਹੱਬਤਾਂ ਦੇ ਬੰਦ ਕਰਕੇ ਤੈਨੂੰ ਅੱਖੀਆਂ ਵਿੱਚ
ਪਲਕਾਂ ਦੀ ਤਾਣੀ ਤਾਣ ਲਵਾਂ ਜਸਮੀਤ
ਕਦੇ ਨਾ ਪਵੇ ਪਿਆਰਾਂ ਵਿੱਚ ਫਿੱਕ ਸੱਜਣਾ
ਕੁਝ ਮੇਰੇ ਬਾਰੇ ਲਿਖ ਸੱਜਣਾ।

•

## ਜਦੋਂ ਮਰਜ਼ੀ

ਅਸੀਂ ਅੱਜ ਵੀ ਤੇਰੀ
ਉਡੀਕ ਵਿੱਚ ਹਾਂ ਸੱਜਣਾ।
ਤੂੰ ਜਦੋਂ ਮਰਜ਼ੀ ਆ ਜਾਵੀਂ-
ਕੋਠੇ ਉੱਤੇ ਚੜ੍ਹ ਕੇ ਤੈਨੂੰ
ਤੱਕਦੇ ਨਿੱਤ ਹਾਂ ਸੱਜਣਾ।
ਤੂੰ ਜਦੋਂ ਮਰਜ਼ੀ ਆ ਜਾਵੀਂ।
ਪੈੜ ਚਾਲ ਸੁਣਕੇ ਸਾਹ
ਲੈਂਦੇ ਖਿੱਚ ਹਾਂ ਸੱਜਣਾ।
ਤੂੰ ਜਦੋਂ ਮਰਜ਼ੀ ਆ ਜਾਵੀਂ।
ਮੌਤ ਤੋਂ ਪਹਿਲਾਂ ਆ ਗਿਆ
ਤਾਂ ਜਿੱਤ ਹਾਂ ਸੱਜਣਾ।
ਤੂੰ ਜਦੋਂ ਮਰਜ਼ੀ ਆ ਜਾਵੀਂ।
ਅਸੀਂ ਦਿਲੋਂ ਖੜੇ ਵਿੱਚ ਤੇਰੇ
ਹਿੱਤ ਹਾਂ ਸੱਜਣਾ।
ਤੂੰ ਜਦੋਂ ਮਰਜ਼ੀ ਆ ਜਾਵੀਂ।
ਅਸੀ ਜਸਮੀਤ ਹਾਂ ਤੇਰੇ ਤੇ
ਤੇਰੇ ਹੀ ਮਿੱਤ ਹਾਂ ਸੱਜਣਾ।
ਤੂੰ ਜਦੋਂ ਮਰਜ਼ੀ ਆ ਜਾਵੀਂ।

•

## ਸਮਾਂ

ਆਪਣੀ ਰਫਤਾਰ ਤੇ
ਭੱਜਿਆ ਜਾਂਦਾ ਸਮਾਂ
ਕਿਸੇ ਲਈ ਵੀ
ਕਦੇ ਨਹੀਂ ਹੈ ਰੁਕਦਾ।
ਸਮੇਂ ਦੀ ਤੋਰ ਵਿੱਚ
ਅੱਥਰੀ ਮਟਕ ਹੈ
ਇਹ ਬੰਦੇ ਅੱਗੇ ਨਹੀਂ
ਬੰਦਾ ਇਹਦੇ ਅੱਗੇ ਹੈ ਝੁਕਦਾ।
ਸਮਾਂ ਜ਼ੋਰਾਵਰ ਬੰਦਾ ਝੋਰਾਵਰ ਹੈ
ਤਾਹੀਂ ਇੱਕ ਦਿਨ ਸਿਹਰੇ ਬੰਨ
ਹਰ ਇੱਕ ਦੇ ਸਾਹਾਂ ਵਾਲੇ ਬੂਹੇ ਤੇ ਹੈ ਢੁਕਦਾ
ਜਸਮੀਤ ਇੱਕ ਥਾਂ ਤੋਂ ਚੱਲਿਆ ਕਿਸੇ ਅੰਤ ਤੇ ਵੀ
ਸਮਾਂ ਨਹੀਂ ਹੈ ਮੁਕਦਾ।
ਸਮਾਂ ਉਦੋਂ ਵੀ ਜਵਾਨ ਹੁੰਦਾ ਏ
ਜਦੋਂ ਇਹਦੇ ਹੱਥਾਂ ਵਿੱਚ ਜੰਮਿਆ
ਇਹਦੇ ਹੱਥਾਂ ਵਿੱਚ ਹੈ ਫੁਕਦਾ।

•

## ਆਸ਼ਕ

ਮੈਂ ਹੋਰ ਚੀਜ਼ ਦਾ ਆਸ਼ਕ,
ਤੂੰ ਹੋਰ ਚੀਜ਼ ਦਾ ਆਸ਼ਕ ਉਏ ਦੋਸਤਾ।
ਮੈਂ ਹੋਰ ਚੀਜ਼ ਦਾ ਉਪਾਸ਼ਕ,
ਤੂੰ ਹੋਰ ਚੀਜ਼ ਦਾ ਉਪਾਸ਼ਕ ਉਏ ਦੋਸਤਾ।
ਸਾਡਾ ਪਿਆਰ ਰੂਹਾਨੀ,
ਤੇਰਾ ਪਿਆਰ ਜਿਸਮਾਨੀ,
ਸਾਡਾ ਇਸ਼ਕ ਹਕੀਕੀ,
ਬਣਕੇ ਮਲਾਹ ਤਾਰੂ ਬੇੜੀ ਸਾਡੀ
ਤੇਰਾ ਇਸ਼ਕ ਮਜ਼ਾਜੀ ਡੋਬ ਨਾ ਦੇਵੇ ਬੇੜਾ
ਤੇਰਾ ਬਣਕੇ ਤੂਫਾਨ ਘਾਤਕ ਉਏ ਦੋਸਤਾ।
ਮੈਂ ਹੋਰ ਚੀਜ਼ ਦਾ ਆਸ਼ਕ
ਤੂੰ ਹੋਰ ਚੀਜ਼ ਦਾ ਆਸ਼ਕ ਉਏ ਦੋਸਤਾ।
ਤੇਰੀ ਬਣਦੀ ਸ਼ਾਇਦ ਨਾਲ ਉਹਨਾਂ ਦੇ
ਭੁੱਖ ਜਿਨ੍ਹਾਂ ਨੂੰ ਰਹਿੰਦੀ ਕੁਰਸੀ ਦੀ
ਸਾਡਾ ਰਾਜਾ ਕਰਦਾ ਸਾਸ਼ਨ ਕੁੱਲ ਦੁਨੀਆਂ ਤੇ
ਬਣਕੇ ਨਿਆਂ ਪਸੰਦ ਸਾਸ਼ਕ ਉਏ ਦੋਸਤਾ।
ਮੈਂ ਹੋਰ ਚੀਜ਼ ਦਾ ਆਸ਼ਕ ਤੂੰ
ਹੋਰ ਚੀਜ਼ ਦਾ ਆਸ਼ਕ ਉਏ ਦੋਸਤਾ।
ਭਾਵੇਂ ਆਪਣੀ ਚਾਹਤ ਤੋਂ ਤਾਂ ਰੱਖ ਸਕਦਾ ਏਂ
ਤੂੰ ਲੱਖ ਪਰਦੇ ਪਰ ਜਸਮੀਤ ਚਾਹਤ ਸਦਾ ਹੀ ਵਾਚਦੀ
ਰਹਿੰਦੀ ਏ ਦੁਨੀਆਂ ਨੂੰ ਬਣਕੇ ਵਾਚਕ ਉਏ ਦੋਸਤਾ।
ਮੈਂ ਹੋਰ ਚੀਜ਼ ਦਾ ਆਸ਼ਕ ਤੂੰ ਹੋਰ ਚੀਜ਼ ਦਾ ਆਸ਼ਕ ਉਏ ਦੋਸਤਾ।

•

# ਸਕੂਲ

ਹੁਣ ਏਦਾਂ ਨਹੀਂ ਸਰਨਾ ਤਣ-ਪੱਤਣ ਲਾਉਣੀ ਪਊ
ਆਉਣ ਵਾਲੀਆਂ ਪੀੜ੍ਹੀਆਂ ਦੀ ਗੱਲ
ਚੱਲ ਉਏ ਪੁੱਤਾ ਸਕੂਲ ਚੱਲ।
ਇਹ ਅੱਖਰਾਂ ਦੇ ਗਿਆਨ ਨੇ ਹੀ ਤਾਂ ਕਰਨਾ ਹੈ
ਸਾਡਾ ਸਾਰਾ ਮਸਲਾ ਹੱਲ
ਚੱਲ ਉਏ ਪੁੱਤਾ ਸਕੂਲ ਚੱਲ।
ਪਹਿਲਾਂ ਮੈਂ ਤਾਂ ਹੀ ਘਰ ਜੋਗਾ ਰਹਿ ਗਿਆ
ਜੇ ਅੱਖਰਾਂ ਦੇ ਗਿਆਨ ਤੋਂ ਸੀ ਸੱਖਣਾ
ਚਾਹੇ ਕੁਝ ਵੀ ਹੋ ਜਾਵੇ ਪੁੱਤਾ ਹੁਣ
ਮੈਂ ਤੈਨੂੰ ਘਰ ਜੋਗਾ ਨਈਉਂ ਰੱਖਣਾ
ਤੂੰ ਪਾ ਕੇ ਸੋਹਣੀ ਵਰਦੀ ਤੇ ਅੱਜ ਹੀ ਚੱਕ ਲੈ
ਆਪਣਾ ਬਸਤਾ ਕਦੋਂ ਆਇਆ ਕੱਲ
ਚੱਲ ਉਏ ਪੁੱਤਾ ਸਕੂਲ ਚੱਲ।
ਦਿਨ ਰਾਤ ਖੇਤਾਂ ਵਿੱਚ ਘੱਟਾ ਢੋਣਾ ਪੈਂਦਾ ਏ
ਤੇਰੇ ਬਾਪੂ ਦੀ ਬੜੀ ਔਖੀ ਏ ਕਮਾਈ
ਕੁਝ ਨਹੀਂ ਪੈਂਦਾ ਪੱਲੇ ਬੱਸ ਰੱਬ ਦੀ ਰਹਿਮਤ ਹੀ
ਘਰ ਦਾ ਖਰਚਾ ਜਾਂਦੀ ਏ ਚਲਾਈ
ਤੈਨੂੰ ਇੱਕ ਦਿਨ ਕੰਮ ਤੋਂ ਟਲਣਾ ਔਖਾ ਹੋਜੂਗਾ
ਅੱਜ ਸਕੂਲ ਜਾਣ ਤੋਂ ਨਾ ਟਲ
ਚੱਲ ਉਏ ਪੁੱਤਾ ਸਕੂਲ ਚੱਲ।
ਜਸਮੀਤ ਆਖੇ ਛੱਡੀ ਨਹੀਂ ਕੋਈ ਕਮੀ
ਹੁਣ ਤਾਂ ਦੋਸ਼ ਵੀ ਨਹੀਂ ਦੇ ਸਕਦੇ ਸਰਕਾਰਾਂ ਨੂੰ
ਤਨਖਾਹ ਲੈਣੀ ਕਿਤੇ ਸੌਖੀ ਪਰ ਸਮਝਣਾ ਬੜਾ ਔਖਾ
ਖੇਤੀ ਵਿੱਚ ਪੈਣ ਵਾਲੀਆਂ ਆਫਤਾਂ ਤੇ ਮਾਰਾਂ ਨੂੰ
ਚੁੱਕੇ ਕਰਜ਼ੇ ਵਾਲੇ ਮੂਲ ਉੱਤੇ ਵਿਆਜ ਫੈਲਦਾ ਜਾਵੇ
ਜਿਵੇਂ ਕਿੱਕਰ ਉੱਤੇ ਫੈਲਦੀ ਏ ਬੱਲ
ਚੱਲ ਉਏ ਪੁੱਤਾ ਸਕੂਲ ਚੱਲ।

•

## ਰਾਤ ਚੰਨਾ

ਖੌਰੇ ਕੈਸੀ ਹੋਊ ਉਹ ਰਾਤ ਚੰਨਾ
ਪੱਕੀ ਹੋਊ ਜਿੰਦੇ ਤੇਰੇ ਨਾਲ ਮੁਲਾਕਾਤ ਚੰਨਾ
ਚਕੋਰ ਨੂੰ ਵਿਹਾਉਣ ਸੇਹਰੇ ਬੰਨ
ਲੈ ਕੇ ਆਵੇਂਗਾ ਤੂੰ ਤਾਰਿਆਂ ਦੀ ਬਰਾਤ ਚੰਨਾ
ਉਸ ਰਾਤ ਦੀ ਉਡੀਕ ਵਿੱਚ ਉਂਜ ਤਾਂ
ਹਰ ਰਾਤ ਹੁਣ ਸਾਡੇ ਸਾਹਾਂ ਦੇ ਕਰੀਬ ਹੋਵੇਗੀ
ਰੋਮ-ਰੋਮ ਵਿੱਚ ਵਸੇਗਾਂ ਜਦੋਂ ਤੂੰ
ਉਹ ਰਾਤ ਸਾਡੇ ਲਈ ਬੜੀ ਹੀ ਅਜੀਬ ਹੋਵੇਗੀ
ਹਿੱਕ ਉੱਤੇ ਹੋਈ ਜਦੋਂ ਫੁੱਲ ਦੀ ਵਰਖਾ
ਇਹ ਤੋਂ ਮਹਿੰਗੀ ਹੋਰ ਕਿਹੜੀ ਸੌਗਾਤ ਚੰਨਾ
ਖੌਰੇ ਕੈਸੀ ਹੋਊ ਉਹ ਰਾਤ ਚੰਨਾ
ਪੱਕੀ ਹੋਊ ਜਿੰਦੇ ਤੇਰੇ ਨਾਲ ਮੁਲਾਕਾਤ ਚੰਨਾ
ਇੱਕ ਮੈਂ ਹੋਵਾਂਗੀ ਤੇ ਇੱਕ ਤੂੰ ਹੋਵੇਂਗਾ
ਸਾਡੇ ਵਿੱਚ ਤੀਜਾ ਨਹੀਂ ਹੋਵੇਗਾ ਹੋਰ ਕੋਈ
ਉਦੋਂ ਜੰਨਤ ਵਰਗੇ ਆਉਣਗੇ ਨਜ਼ਾਰੇ
ਜਦੋਂ ਕਿਣ-ਮਿਣ-ਕਿਣ ਇਸ਼ਕੇ ਦੀ ਬਰਸਾਤ ਹੋਈ
ਨਸ਼ੀਲੇ ਨੈਣਾਂ ਨਾਲ ਤੱਕਿਆ ਜਦੋਂ ਮੈਂ ਤੈਨੂੰ
ਜਾਨ ਕੱਢਲੂ ਉਦੋਂ ਤੇਰੇ ਟੂਣੇ-ਹਾਰੇ ਨੈਣਾਂ ਦੀ ਝਾਤ ਚੰਨਾ
ਖੌਰੇ ਕੈਸੀ ਹੋਊ ਉਹ ਰਾਤ ਚੰਨਾ
ਪੱਕੀ ਹੋਊ ਜਿੰਦੇ ਤੇਰੇ ਨਾਲ ਮੁਲਾਕਾਤ ਚੰਨਾ
ਸਾਡੇ ਸਾਹਾਂ ਤੋਂ ਵੀ ਨੇੜੇ ਹੋ ਕੇ ਦਿੱਤਾ ਜਦੋਂ
ਤੂੰ ਸਾਨੂੰ ਆਪਣੀ ਲੋਅ ਦਾ ਨਿੱਘ ਵੇ
ਰੇਸ਼ਮੀ ਹੱਥਾਂ ਨਾਲ ਛੋਹਿਆ ਜਦੋਂ ਤੂੰ ਮੈਨੂੰ ਤਨ-ਮਨ
ਜਾਊਂ ਮੁਹੱਬਤਾਂ ਵਿੱਚ ਭਿੱਜ ਵੇ।
ਜਸਮੀਤ ਉਦੋਂ ਜੱਗ ਤੇ ਜਾਗਦੇ ਹੋਣਗੇ ਦੋ ਜਣੇ
ਜਦੋਂ ਸੁੱਤੀ ਹੋਊ ਇਹ ਸਾਰੀ ਕਾਇਨਾਤ ਚੰਨਾ
ਖੌਰੇ ਕੈਸੀ ਹੋਊ ਉਹ ਰਾਤ ਚੰਨਾ
ਪੱਕੀ ਹੋਊ ਜਿੰਦੇ ਤੇਰੇ ਨਾਲ ਮੁਲਾਕਾਤ ਚੰਨਾ

•

## ਪਰਖ

ਮੇਰੇ ਪਿੱਛੇ ਕਿੰਨੇ ਕੁ ਲੋਕੀ ਨੇ ਕਦੇ-ਕਦੇ
ਚਿੱਤ ਕਰਦਾ ਏ ਮੇਰਾ ਪਰਖ ਲਵਾਂ ਮੈਂ ਮਰਕੇ।
ਜਿਹੜੇ ਮੇਰੀ ਹਰ ਹਾਂ ਵਿੱਚ ਭਰਦੇ ਸੀ ਕਿੰਨਾ
ਚਿਰ ਰੱਖਣਗੇ ਯਾਦ ਮੇਰੀ ਸੀਨੇ ਉੱਤੇ ਮੜ੍ਹਕੇ।
ਮੇਰੀ ਅਰਥੀ ਪਿੱਛੇ ਆਉਂਦੇ ਕਿਤੇ ਮੁੜ ਤਾਂ
ਨਹੀਂ ਜਾਣਗੇ ਵੱਡੇ ਅਹਿਲਕਾਰਾਂ ਤੋਂ ਡਰ ਕੇ।
ਉਂਜ ਕਈਆਂ ਦੇ ਨੈਣਾਂ 'ਚੋਂ ਮੇਰੇ ਵਿਯੋਗ
ਵਿੱਚ ਅੱਥਰੂ ਵੀ ਡਿੱਗਣਗੇ ਮੈਨੂੰ ਯਾਦ ਕਰਕੇ।
ਆਪਣੇ ਨਾਲ ਲੈ ਜਾਵਾਂਗਾ ਯਾਦ ਉਹਨਾਂ ਦੀ
ਜਿਹੜੇ ਲੋਕ ਦੇਣਗੇ ਜਸਮੀਤ ਨੂੰ ਸਲਾਮੀ ਅੱਖੀਆਂ ਭਰਕੇ।
ਧੰਨਵਾਦ ਉਹਨਾਂ ਦਾ ਰੂਹ ਮੇਰੀ ਦੀ ਸ਼ਾਤੀ ਲਈ
ਕਰਨਗੇ ਅਰਦਾਸ ਜੋ ਚਿਖਾ ਮੇਰੀ ਕੋਲੇ ਖੜ੍ਹਕੇ।

•

## ਥਾਂ

ਜਿੱਥੇ ਜੰਮਿਆ ਉੱਥੇ ਹੀ ਮੁੱਕਣਾ
ਸਾਰੀ ਜ਼ਿੰਦਗੀ ਸਮਝ ਨਾ ਆਈ
ਸੀ ਕਦੇ ਇਹ ਕਹਾਣੀ ਮੈਨੂੰ।
ਮੈਂ ਸੀ ਮਜਬੂਰ ਅਤੇ ਬੇਵੱਸ
ਉਂਜ ਬੜਾ ਹੀ ਸਮਝਾਉਂਦੇ ਸੀ
ਬਚਪਨ ਤੋਂ ਕੁਝ ਹਾਣੀ ਮੈਨੂੰ।
ਸਾਰੀ ਜ਼ਿੰਦਗੀ ਹੀ ਮੈਂ ਕਮਲਾ
ਬੇਮੰਜ਼ਿਲੇ ਰਾਹਾ ਉੱਤੇ ਭੱਜਦਾ ਰਿਹਾ
ਨਸੀਬ ਨਾ ਹੋਇਆ ਪਾਣੀ ਮੈਨੂੰ।
ਜੇ ਉਸੇ ਥਾਂ ਤੇ ਬਹਿਕੇ
ਧਿਆ ਲੈਂਦਾ ਰੱਬ ਨੂੰ ਤਾਂ
ਜੱਗ ਮੰਨਦਾ ਰੂਹ ਸਿਆਣੀ ਮੈਨੂੰ।
ਬਿਨਾਂ ਗੱਲੋਂ ਹੀ ਉਲਝਾ ਲਈ
ਮੈਂ ਸੁਲਝੀ ਹੋਈ ਤਾਣੀ
ਫਿਰ ਆਈ ਨਾ ਸੁਲਝਾਉਣੀ
ਜ਼ਿੰਦਗੀ ਵਾਲੀ ਤਾਣੀ ਮੈਨੂੰ।
ਜਸਮੀਤ ਨਿੱਕਲਣਾ ਫੇਰ ਕੀ ਸੀ
ਮਜਬੂਰੀਆਂ ਦੇ ਵੱਸ ਪੈ ਕੇ
ਪਾਉਣੀ ਪੈ ਗਈ ਪਾਣੀ
ਵਿੱਚ ਮਧਾਣੀ ਮੈਨੂੰ।

•